# ਗੁਰਸ਼ਰਨ ਸਿੰਘ ਨਾਲ ਇਕ ਮੁਲਾਕਾਤ

*-ਡਾ. ਸਤੀਸ਼ ਕੁਮਾਰ ਵਰਮਾ*

ਗੁਰਸ਼ਰਨ ਸਿੰਘ ਦਾ ਨਾਂ ਅੱਜ ਜਨਮਾਨਸ ਵਿਚ ਜਾਣਿਆ ਪਛਾਣਿਆ ਹੈ। ਉਹ ਵਾਹਦ ਐਸਾ ਨਾਟਕਕਾਰ ਤੇ ਰੰਗਕਰਮੀ ਹੈ ਜਿਸ ਨੇ ਗਿਣਤੀ ਪੱਖੋਂ ਸਭ ਤੋਂ ਵੱਧ ਪੇਸ਼ਕਾਰੀਆਂ ਦਿੱਤੀਆਂ। ਪੰਜਾਬ ਦਾ ਸ਼ਾਇਦ ਹੀ ਕੋਈ ਐਸਾ ਪਿੰਡ ਹੋਵੇਗਾ ਜਿਥੇ ਗੁਰਸ਼ਰਨ ਸਿੰਘ ਨਾ ਪਹੁੰਚਿਆਂ ਹੋਵੇ। ਉਸ ਨੇ ਪੰਜਾਬੀ ਜਨਜੀਵਨ ਵਿਚ ਨਾਟਕ ਦੀ ਵਿਧਾ ਦੀ ਪਛਾਣ ਕਰਵਾਈ ਹੈ। ਇਹ ਸਿਹਰਾ ਹਮੇਸ਼ਾ ਹੀ ਉਸਦੇ ਸਿਰ ਬੱਝੇਗਾ ਕਿ ਪੰਜਾਬੀਆਂ ਨੂੰ 'ਗੌਣ ਸੁਣਨ' ਦੇ ਨਾਲ-ਨਾਲ 'ਨਾਟਕ ਦੇਖਣ' ਗੁਰਸ਼ਰਨ ਸਿੰਘ ਨੇ ਲਾਇਆ। ਉਸ ਦੇ ਥੀਏਟਰ ਦੇ ਕਲਾ ਪੱਖ ਬਾਰੇ ਜਿੰਨੇ ਮਰਜ਼ੀ ਕਿੰਤੂ ਪਰੰਤੂ ਹੋਣ ਲੇਕਿਨ ਦੋ ਗੱਲਾਂ ਬੜੀਆਂ ਪ੍ਰਤੱਖ ਹਨ। ਪਹਿਲੀ ਇਹ ਕਿ ਉਸਨੇ ਘਰ-ਘਰ ਨਾਟਕ ਪਹੁੰਚਾਇਆ ਤੇ ਦੂਜੇ ਨਾਟਕ ਦੀ ਵਿਧਾ ਰਾਹੀਂ ਸਮਾਜਕ ਚੇਤਨਾ ਦਾ ਸੰਚਾਰ ਕੀਤਾ। ਗੁਰਸ਼ਰਨ ਦੇ ਕਾਰਜ ਦੇ ਮੁਲਾਂਕਣ ਲਈ ਸਮੀਖਿਆ ਦੇ ਵੀ ਨਵੇਂ ਪ੍ਰਤੀਮਾਨ ਸਿਰਜਣੇ ਪੈਣਗੇ। ਗੁਰਸ਼ਰਨ ਸਿੰਘ ਰੰਗਕਰਮੀ ਤੋਂ ਨਾਟਕਕਾਰੀ ਵੱਲ ਆਇਆ ਹੈ ਇਸ ਲਈ ਉਸਦੇ ਸਾਰੇ ਦੇ ਸਾਰੇ ਨਾਟਕ ਰੰਗਮੰਚ ਦੀ ਕੁਠਾਲੀ ਵਿਚ ਢਲੇ ਹੀ ਨਹੀਂ ਸਗੋਂ ਪੈਦਾ ਹੀ ਇਸ ਕੁਠਾਲੀ ਵਿਚ ਹੋਏ ਹਨ। ਉਸ ਨੇ ਆਪਣੇ ਨਾਟਕਾਂ ਰਾਹੀਂ ਸਮਕਾਲੀ ਸਮਾਜਿਕ ਸਥਿਤੀਆਂ ਦੀ ਰਾਜਸੀ ਵਿਆਖਿਆ ਕੀਤੀ ਹੈ। ਉਹ ਪ੍ਰਤੀਬੱਧ ਨਾਟਕਕਾਰ ਹੈ ਤੇ ਕੋਈ ਵੀ ਘਟਨਾ ਅਜਾਈਂ ਨਹੀਂ ਜਾਣ ਦਿੰਦਾ। ਆਲੇ-ਦੁਆਲੇ ਜੋ ਕੁਝ ਵੀ ਲੋਕ ਵਿਰੋਧੀ ਵਾਪਰਦਾ ਹੈ, ਗੁਰਸ਼ਰਨ ਸਿੰਘ ਦੀ ਤੇਜ਼ ਨਸ਼ਤਰੀ ਕਲਮ ਉਸਦੀ ਚੀਰ ਫਾੜ ਜ਼ਰੂਰ ਕਰਦੀ ਹੈ। ਉਸਦਾ ਨਾਟਕ ਤੇ ਰੰਗਮੰਚ 'ਤੇ ਵਿਚਰ ਰਿਹਾ ਹੁੰਦਾ ਹੈ ਤਾਂ ਸਿਰ ਤੋਂ ਪੈਰਾਂ ਤਕ ਆਪਣੀ ਪੇਸ਼ਕਾਰੀ ਤੇ ਵਿਚਾਰਧਾਰਾ ਵਿਚ 'ਇਨਵਾਲਵ' ਨਜ਼ਰ ਆਉਂਦਾ ਹੈ। ਉਹ ਜਿਉਂਦੇ ਜੀਅ ਇਕ ਲਹਿਰ ਤਾਂ ਬਣਿਆ ਹੀ ਹੈ, ਇਕ ਮਿਥ

*ਵੀ ਬਣ ਗਿਆ ਹੈ। ਕਈ ਨਵੇਂ ਰੰਗਕਰਮੀ 'ਨਿੱਕੇ ਗੁਰਸ਼ਰਨ ਸਿੰਘ' ਨਜ਼ਰ ਆਉਂਦੇ ਹਨ ਭਾਵ ਉਸਦੀ ਛਾਪ ਬਹੁਤ ਸਾਰੇ ਨਵੇਂ ਪ੍ਰਤੀਬੱਧ ਰੰਗਕਰਮੀਆਂ ਉਤੇ ਹੈ। ਗੁਰਸ਼ਰਨ ਸਿੰਘ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ ਲੇਕਿਨ ਬਹੁਤੀ ਗੱਲ ਉਸਦੇ ਥੀਏਟਰ, ਵਿਚਾਰਧਾਰਾ, ਪ੍ਰਤੀਬੱਧਤਾ ਆਦਿ ਤਕ ਸੀਮਤ ਹੋ ਜਾਂਦੀ ਹੈ। ਉਸਨੂੰ ਨਾਟਕਕਾਰ ਵਜੋਂ ਸਵੀਕਾਰ ਕਰਕੇ ਉਦੀਆਂ ਨਾਟਕਕਾਰੀ ਦੀਆਂ ਪਰਤਾਂ ਉਘਾੜਨ ਦਾ ਕੰਮ ਘੱਟ ਹੋਇਆ ਹੈ ਭਾਵ ਅਕਾਦਮਿਕ ਦ੍ਰਿਸ਼ਟੀ ਤੋਂ ਉਸਨੂੰ ਨਾਟਕਕਾਰ ਵਜੋਂ ਘੱਟ ਪ੍ਰਵਾਨਿਆਂ ਤੇ ਪਛਾਣਿਆ ਗਿਆ ਹੈ। ਪ੍ਰਸਤੁਤ ਮੁਲਾਕਾਤ ਵਿਚ ਹੋਰ ਪੱਖਾਂ ਦੇ ਨਾਲ ਇਹ ਪੱਖ ਕੇਂਦਰ ਵਿਚ ਰੱਖਿਆ ਗਿਆ ਹੈ ਤਾਂ ਕਿ ਗੁਰਸ਼ਰਨ ਸਿੰਘ ਦਾ ਇਕ ਨਾਟਕ ਵਜੋਂ ਕੱਦ ਬੁੱਤ ਪਛਾਣਿਆ ਜਾ ਸਕੇ।*

? ਤੁਸੀਂ ਨਾਟਕ ਦੀ ਪਰਿਭਾਸ਼ਾ ਕੀ ਮਿਥਦੇ ਹੋ ?

- ਨਾਟਕ, ਕਲਾ ਦਾ ਰੂਪ ਹੈ, ਜਿਸ ਵਿਚ ਕਿਸੇ ਵਿਸ਼ੇ ਜਾਂ ਕਹਾਣੀ ਨੂੰ ਵਾਰਤਾਲਾਪ ਦੀ ਸ਼ਕਲ ਵਿਚ ਅਭੀਨੈ ਕਰਕੇ ਪੇਸ਼ ਕੀਤਾ ਜਾਂਦਾ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਜੇਕਰ ਜੋ ਵੀ ਗੱਲ ਕਹਿਣੀ ਹੈ ਤਾਂ ਉਸਦਾ ਪਿੜ ਵਿਰੋਧਾਤਮਕ ਦਵੰਦ ਦੇ ਰਾਹੀਂ ਉਸਾਰਿਆ ਜਾਂਦਾ ਹੈ ਤੇ ਇਸ ਨੂੰ ਅਸਰਦਾਇਕ ਬਣਾਇਆ ਜਾਂਦਾ ਹੈ। ਨਾਟਕ ਗੱਲ ਕਹਿਣ ਲਈ ਆਪਣੇ ਆਪ ਵਿਚ ਇਕ ਸਸ਼ਕਤ ਮਾਧਿਅਮ ਹੈ।

? ਤੁਹਾਡੀ ਥੀਏਟਰ ਵਿਚ ਦਿਲਚਸਪੀ ਕਿਵੇਂ ਪੈਦਾ ਹੋਈ।

- ਐਮ. ਐਸ. ਸੀ. (ਟੈਕਨਾਲੋਜੀ) ਕਰਨ ਤੋਂ ਬਾਅਦ ਮੈਨੂੰ ਭਾਖੜਾ ਡੈਮ ਦੀ ਉਸਾਰੀ ਵਿਖੇ ਨੌਕਰੀ ਕਰਨ ਦਾ ਮੌਕਾ ਮਿਲਿਆ ਤੇ ਉਥੇ ਹੀ ਮੇਰੀ ਸੂਝ ਇਧਰ ਮੁੜੀ। ਮੈਂ ਸਕੂਲ ਵਿਚ ਹੀ ਪੜ੍ਹਦਾ ਸੀ ਕਿ ਮਾਰਕਸੀ ਫਲਸਫ਼ੇ ਨਾਲ ਮੇਰਾ ਪੂਰਾ ਸੰਬੰਧ ਜੁੜ ਗਿਆ ਸੀ। 1943-44 ਵਿਚ ਨੌਵੀਂ ਜਮਾਤ ਵਿਚ ਪੜ੍ਹਦਾ ਮੈਂ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਮੈਂਬਰ ਬਣ ਗਿਆ ਸੀ। ਵਿਦਿਆਰਥੀ ਲਹਿਰ ਨਾਲ ਵੀ ਮੇਰਾ ਬਹੁਤ ਸੰਬੰਧ ਰਿਹਾ ਹੈ। ਅਮਨ ਲਹਿਰ ਨਾਲ ਵੀ ਸੰਬੰਧਤ ਰਿਹਾ ਹਾਂ। ਨੌਕਰੀ ਕਰ ਰਿਹਾ ਸੀ ਤਾਂ ਜਿਉਂ-ਜਿਉਂ ਭਾਖੜਾ ਉਸਰ ਰਿਹਾ ਸੀ, ਮੈਂ ਮਹਿਸੂਸ ਕਰਦਾ ਸੀ ਕਿ ਅਸੀਂ ਦਰਿਆਵਾਂ ਦੇ ਰੁਖ ਤਾਂ ਬਦਲ ਰਹੇ ਹਾਂ ਪਰ ਸਾਡਾ ਸਮਾਜ ਉਥੇ ਦਾ ਉਥੇ ਖਲੋਤਾ ਹੈ। ਉਸਦੇ ਵਿਚ ਕੋਈ ਤਬਦੀਲੀ ਨਹੀਂ ਆਈ। ਸੋ ਮੈਨੂੰ ਉਦੋਂ ਹੀ ਵਿਸ਼ਵਾਸ ਹੋ ਗਿਆ ਕਿ ਭਾਵੇਂ ਹਿੰਦੋਸਤਾਨ ਵਿਚ ਕਿੰਨੀ ਵੀ ਤਰੱਕੀ ਹੋ ਜਾਵੇ, ਜਿੰਨਾ ਚਿਰ ਇਹਦੇ 'ਚ ਸਮਾਜਿਕ ਤਬਦੀਲੀ ਨਹੀਂ ਆਉਂਦੀ, ਉਨ੍ਹਾਂ ਚਿਰ ਸਾਧਾਰਨ ਲੋਕਾਂ ਤਕ ਇਸ ਸਾਇੰਸ ਦਾ ਕੋਈ ਵੀ ਫਾਇਦਾ ਨਹੀਂ ਪੁੱਜਣਾ।

? ਸਰਕਾਰੀ ਨੌਕਰੀ ਕਦੇ ਰੁਕਾਵਟ ਨਹੀਂ ਬਣੀ ?

• ਇਹ ਵੀ ਇਕ ਤਜ਼ਰਬਾ ਸੀ ਕਿ ਸਰਕਾਰੀ ਅਫਸਰ ਦੀ ਹੈਸੀਅਤ ਵਿਚ ਮੈਨੂੰ ਥੋੜ੍ਹਾ ਜਿਹਾ ਵਿਸ਼ਵਾਸ ਸੀ ਕਿ ਮੈਂ ਆਪਣੇ ਕੰਮ ਦੀ ਮੁਹਾਰਤ ਰੱਖਦਾ ਹਾਂ ਅਤੇ ਮੇਰੇ ਸਮਾਜਿਕ ਕੰਮਾਂ ਨੂੰ ਮੇਰੇ ਉਤਲੇ ਅਫਸਰ ਠੀਕ ਤਰ੍ਹਾਂ ਨਾਲ ਹੀ ਦੇਖਦੇ ਸਨ। ਮੈਂ 1964 ਤੋਂ ਲੈ ਕੇ 1971 ਤਕ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਜੋ ਕੰਮ ਕੀਤਾ, ਉਸ ਕਾਰਨ ਹੀ ਮੇਰਾ ਸਰਕਾਰ ਨਾਲ ਕੋਈ ਬਹੁਤ ਟਕਰਾਓ ਨਹੀਂ ਵਾਪਰਿਆ। ਬਾਹਰ ਹੀ ਜਾਂਦੇ ਸੀ। ਗੋਰਕੀ ਦੇ ਨਾਵਲ 'ਮਾਂ' ਉਤੇ ਆਧਾਰਤ ਡਰਾਮਾ ਕੀਤਾ। ਹੋਰ ਅਨੇਕ ਨਾਟਕ ਕੀਤੇ। ਉਨ੍ਹਾਂ ਵਿਚ ਬਹੁਤਿਆਂ ਦੀ ਲੈਫਟਿਸਟ ਕਮਿਟਮੈਂਟ ਸੀ। ਉਹ ਸਰਕਾਰ ਦੇ ਖਿਲਾਫ਼ ਸਨ। ਪਰ ਕੋਈ ਰੁਕਾਵਟ ਨਹੀਂ ਆਈ। 1971 ਵਿਚ ਹੀ ਇਕ ਹੋਰ ਘਟਨਾ ਹੋਈ। ਮੇਰੇ ਦਫਤਰ ਵਿਚੋਂ ਮੇਰੇ ਕੋਲੋਂ ਅਮਰਜੀਤ ਚੰਦਨ ਗ੍ਰਿਫਤਾਰ ਕਰ ਲਿਆ ਗਿਆ। ਉਦੋਂ ਹੀ ਮੇਰੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋਏ। ਉਨ੍ਹਾਂ ਦਿਨਾਂ ਵਿਚ ਭਾਰਤ ਪਾਕਿ ਜੰਗ ਲੱਗੀ ਹੋਈ ਸੀ। ਜੰਗ ਖ਼ਤਮ ਹੋ ਗਈ, ਨਾਲ ਹੀ ਮੇਰੇ ਵਾਰੰਟ ਵੀ ਖ਼ਤਮ ਹੋ ਗਏ। ਮੇਰੀ ਕਮਿਟਮੈਂਟ ਨਕਸਲੀ ਲਹਿਰ ਨਾਲ ਪੂਰੀ ਤਰ੍ਹਾਂ ਰਹੀ। ਮੈਂ ਕਹਿੰਦਾ ਸੀ ਕਿ ਜੇ ਮੈਂ ਸਰਕਾਰੀ ਨੌਕਰੀ ਕਰ ਰਿਹਾ ਹਾਂ, ਉਹ ਆਪਣੇ ਟੈਕਨੀਕਲ ਗਿਆਨ ਕਰਕੇ ਕਰ ਰਿਹਾ ਹਾਂ, ਕੋਈ 16-18 ਜਮਾਤਾਂ ਪੜ੍ਹਿਆਂ ਹਾਂ, ਪਰ ਮੇਰੀ ਕੋਈ ਸਮਾਜਕ ਚੇਤਨਾ ਵੀ ਹੈ ਤੇ ਉਹ ਤੁਹਾਡੇ ਨਾਲ ਟਕਰਾਉਂਦੀ ਹੈ। ਸਰਕਾਰ ਨਾਲ ਪਹਿਲੀ ਟੱਕਰ ਨਾਟਕ ਦੇ ਖੇਤਰ ਵਿਚ 1975 ਦੀ ਐਮਰਜੈਂਸੀ ਦੌਰਾਨ ਹੋਈ। ਜਦੋਂ ਐਮਰਜੈਂਸੀ ਲੱਗੀ ਤਾਂ ਮੈਨੂੰ ਸਖ਼ਤ ਤਕਲੀਫ਼ ਹੋਈ। ਅਸੀਂ ਇਹ ਨਹੀਂ ਚਾਹੁੰਦੇ ਕਿ ਲੋਕਾਂ ਵਿਚ ਕਿਸੇ ਕਿਸਮ ਦੀ ਗਿਰਾਵਟ ਆਵੇ। ਮੈਂ ਇਕ ਨਾਟਕ 13 ਦਸੰਬਰ 1975 ਨੂੰ ਕੀਤਾ। ਐਮਰਜੈਂਸੀ ਕਾਰਨ ਹਰ ਸਰਗਰਮੀ ਉਤੇ ਪਾਬੰਦੀ ਸੀ। ਇਸ ਦੌਰਾਨ ਨੌਕਰੀ ਤੋਂ ਮੇਰੀ ਛੁੱਟੀ ਹੋ ਗਈ। ਇਕ ਸੱਚ ਮੈਂ ਕਦੀ ਕਿਸੇ ਨੂੰ ਦਸਿਆ ਨਹੀਂ, ਤੁਹਾਨੂੰ ਅੱਜ ਦੱਸ ਦਿੰਦਾ ਹਾਂ ਕਿ ਉਸ ਵੇਲੇ ਮੇਰੇ ਕੋਲ ਇਕ ਪੈਸਾ ਵੀ ਨਹੀਂ ਸੀ। ਓਧਰ ਸਭ ਸਰਗਰਮੀਆਂ ਉਪਰ ਪਾਬੰਦੀ ਲੱਗ ਗਈ। 1976 ਆ ਗਿਆ। ਮੈਨੂੰ ਜੰਮੂ ਯੂਨੀਵਰਸਿਟੀ ਵਾਲਿਆਂ ਨੇ ਨਾਟਕ ਕਰਨ ਲਈ ਬੁਲਾਇਆ। 19 ਸਤੰਬਰ ਨੂੰ ਜਦੋਂ ਅਸੀ ਇਹ ਨਾਟਕ ਕੀਤਾ ਤਾਂ ਉਥੇ ਦਰਸ਼ਕਾਂ ਵਿਚ ਗਿਆਨੀ ਜ਼ੈਲ ਸਿੰਘ ਸ਼ੇਖ ਅਬਦੁੱਲਾ ਵੀ ਬੈਠੇ ਸਨ। ਗਿਆਨੀ ਜੀ ਆਪ ਹੀ ਨਹੀਂ ਸਗੋਂ ਉਨ੍ਹਾਂ ਦਾ ਸਾਰਾ ਅਮਲਾ ਫੈਲਾ ਹੀ ਆਇਆ ਹੋਇਆ ਸੀ। ਉਨ੍ਹਾਂ ਗੱਲ ਸਮਝ ਲਈ ਕਿ ਕਰਦਾ ਤਾਂ ਇਹ ਨਾਟਕ ਹੈ, ਪਰ ਹਮਲਾ ਐਮਰਜੈਂਸੀ ਉਤੇ ਕਰਦਾ ਹੈ। ਸਰਹੰਦ ਦੀ ਘਟਨਾ ਪੇਸ਼ ਕਰਦਿਆਂ ਮੈਂ ਇਹ ਗੱਲ ਕਹਿੰਦਾ ਸੀ ਕਿ ਜਦੋਂ ਬੱਚੇ ਨੀਹਾਂ ਵਿਚ ਚਿਣੇ ਜਾ ਰਹੇ ਸਨ ਤਾਂ ਸਰਹੰਦ ਦੇ ਲੋਕ ਕਿਥੇ ਸਨ ? ਤਮਾਸ਼ਾਈ ਬਣ ਕੇ ਉਨ੍ਹਾਂ ਨੇ ਸਭ ਕੁਝ ਵੇਖਿਆ ਤੇ ਉਨ੍ਹਾਂ ਨੂੰ ਇਹਦੀ ਵੱਡੀ ਕੀਮਤ ਚੁਕਾਉਣੀ ਪਈ। ਬੰਦੇ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਤੇ ਅੱਜ ਵੀ ਬੰਦੇ ਬਹਾਦਰ ਜਿਉਂਦੇ ਨੇ। ਅੱਜ ਦੇ ਵਜੀਦਿਆਂ ਨੂੰ ਉਹ

ਪਛਾਣਦੇ ਨੇ ਤੇ ਉਨ੍ਹਾਂ ਨੂੰ ਇਕਦਮ ਖੁੜਕ ਗਈ। ਜਦੋਂ ਅਸੀਂ ਅੰਮ੍ਰਿਤਸਰ ਪਹੁੰਚੇ ਤਾਂ ਵਾਰੰਟ ਜਾਰੀ ਹੋ ਗਏ ਅਤੇ ਮੈਨੂੰ ਗ੍ਰਿਫਤਾਰ ਕਰ ਲਿਆ ਗਿਆ। ਰਿਹਾਈ ਤੋਂ ਬਾਅਦ ਮੈਂ ਆਪਣੀਆਂ ਸਰਗਰਮੀਆਂ ਲਗਾਤਾਰ ਕਰਦਾ ਆ ਰਿਹਾ ਹਾਂ। ਮੈਂ ਕਦੇ ਸਿੱਧੀ ਟੱਕਰ ਜਾਣ ਬੁੱਝ ਕੇ ਨਹੀਂ ਲਈ। ਜਿਥੇ ਦਫ਼ਾ 144 ਲੱਗੀ ਹੋਵੇ ਜਾਂ ਕੋਈ ਹੋਰ ਰੁਕਾਵਟ ਹੋਵੇ, ਮੈਂ ਉਥੇ ਨਾਟਕ ਨਹੀਂ ਕਰਦਾ। ਪ੍ਰਬੰਧਕਾਂ ਕੋਲੋਂ ਪਹਿਲਾਂ ਪੁੱਛ ਲੈਂਦਾ ਹਾਂ ਕਿ ਆਗਿਆ ਲਈ ਹੋਈ ਹੈ ਕਿ ਨਹੀਂ।

? ਨਾਟਕ ਖੇਡਦਿਆਂ-ਖੇਡਦਿਆਂ ਲਿਖਣ ਵਾਲੇ ਪਾਸੇ ਕਿਵੇਂ ਆਏ।

• ਇਸ ਸਮਾਜ ਵਿਚ ਜੋ ਕੁਝ ਵਾਪਰ ਰਿਹਾ ਹੈ ਉਸ ਬਾਰੇ ਮੈਂ ਆਪਣੀ ਇੱਛਾ ਅਨੁਸਾਰ ਟਿੱਪਣੀ ਕਰਨਾ ਚਾਹੁੰਦਾ ਹਾਂ, ਇਸ ਕਰਕੇ ਨਾਟਕ ਖੇਡਦਿਆਂ-ਖੇਡਦਿਆਂ ਮੈਨੂੰ ਇਹ ਲੋੜ ਮਹਿਸੂਸ ਹੋਈ ਕਿ ਮੈਂ ਆਪ ਨਾਟਕ ਲਿਖਾਂ।

? ਕਦੋਂ ਇਹ ਲਗਿਆ ਕਿ ਨਾਟਕ ਲਿਖਣਾ ਹੀ ਤੁਹਾਡੀ ਹੋਣੀ ਹੈ।

• 1957 ਤੋਂ ਹੀ ਜਦੋਂ ਮੈਂ ਆਪ ਨਾਟਕ ਖੇਡਣੇ ਸ਼ੁਰੂ ਕੀਤੇ। ਪਹਿਲੇ ਪਹਿਲ ਮੈਨੂੰ ਇਹ ਅਹਿਸਾਸ ਸੀ ਕਿ ਮੈਂ ਆਪ ਨਾਟਕ ਨਹੀਂ ਲਿਖ ਸਕਾਂਗਾ, ਪਰ ਹੌਲੇ-ਹੌਲੇ ਮੇਰਾ ਵਿਸ਼ਵਾਸ ਬੱਝਦਾ ਗਿਆ ਕਿ ਆਪਣੀ ਗੱਲ ਕਹਿਣ ਲਈ ਮੈਂ ਨਾਟਕ ਲਿਖ ਸਕਾਂਗਾ।

? ਤੁਸੀਂ ਚਾਰ ਦਹਾਕਿਆਂ ਤੋਂ ਰੰਗਮੰਚ ਦੇ ਖੇਤਰ ਵਿਚ ਗਤੀਸ਼ੀਲ ਹੋ। ਇਹ ਅਨੁਭਵ ਕੈਸਾ ਰਿਹਾ ਹੈ।

• ਕਮਾਲ ਦਾ। ਇਹ ਬੜਾ ਸ਼ਾਨਦਾਰ ਅਨੁਭਵ ਰਿਹਾ ਹੈ। ਜੇ ਮੈਂ ਪਿਛਲੇ 40 ਸਾਲਾਂ ਦਾ ਸਾਰ ਦੱਸਾਂ ਤਾਂ ਮੈਂ ਬਿਨਾਂ ਕਿਸੇ ਝਿਜਕ ਦੇ ਕਹਿ ਸਕਦਾ ਹਾਂ ਕਿ ਆਪਣਾ ਸੁਨੇਹਾ ਦੇਣ ਲਈ ਰੰਗਮੰਚ ਸਭ ਤੋਂ ਵੱਧ ਸ਼ਕਤੀਸ਼ਾਲੀ ਮਾਧਿਅਮ ਹੈ ਤੇ ਮੈਂ ਇਸ ਗੱਲ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹਾਂ ਕਿ ਮੇਰਾ ਰੰਗਮੰਚ ਕੇਵਲ ਰੰਗਮੰਚ ਦੀ ਖਾਤਰ ਹੀ ਨਹੀਂ ਹੈ। ਮੈਂ ਰੰਗਮੰਚ ਦੀ ਆਪਣਾ ਇਨਕਲਾਬੀ ਸੁਨੇਹਾ ਦੇਣ ਲਈ ਇਕ ਮੰਚ ਵਜੋਂ ਵਰਤੋਂ ਕਰਦਾ ਹਾਂ। ਮੇਰਾ ਰੰਗਮੰਚ ਲੋਕਾਂ ਨੂੰ ਤਿਆਰ ਕਰਨ ਅਤੇ ਉਨ੍ਹਾਂ ਨੂੰ ਚੰਗੇਰੇ ਸਮਾਜ ਲਈ ਨਿਤਰਨ ਤੇ ਕੰਮ ਕਰਨ ਵਾਸਤੇ ਪ੍ਰੇਰਨ ਦੇ ਮੰਤਵ ਵਾਲਾ ਰੰਗਮੰਚ ਹੈ। ਇਸ ਕਰਕੇ ਉਨ੍ਹਾਂ ਰਾਜਨੀਤਿਕ ਪਾਰਟੀਆਂ ਨਾਲ ਮੇਰੀ ਜਜ਼ਬਾਤੀ ਇਕਮੁੱਠਤਾ ਹੈ ਜਿਹੜੀਆਂ ਸਮਾਜ ਦੀ ਵਰਤਮਾਨ ਪ੍ਰਣਾਲੀ ਵਿਚ ਤਬਦੀਲੀ ਲਿਆਉਣ ਲਈ ਘਾਲਣਾ ਘਾਲ ਰਹੀਆਂ ਹਨ।

? ਅੱਛਾ, ਇਹ ਦੱਸੋ ਕਿ ਨਾਟਕ ਲਈ ਵਿਸ਼ੇ ਦੀ ਚੋਣ ਕਿਵੇਂ ਕਰਦੇ ਹੋ।

• ਮੇਰਾ ਵਿਚਾਰ ਹੈ ਕਿ ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ ਇਸ ਵਿਚ ਸਮਾਜਕ ਇਨਸਾਫ਼ ਨਾ ਦੀ ਕੋਈ ਚੀਜ਼ ਨਹੀਂ ਤੇ ਇਹ ਇਨਸਾਫ਼, ਸੰਘਰਸ਼ ਅਤੇ ਚੇਤਨਾ ਤੋਂ ਬਿਨਾਂ ਨਹੀਂ ਮਿਲ ਸਕਦਾ। ਇਸ ਲਈ ਮੈ ਵਿਸ਼ੇ ਦੀ ਚੋਣ ਇਸ ਤਰ੍ਹਾਂ ਕਰਦਾ ਹਾਂ ਕਿ ਉਹ ਲੋਕਾਂ ਨੂੰ ਚੇਤਨ ਕਰੇ ਕਿ ਉਹ ਸੰਘਰਸ਼ ਲਈ ਤਿਆਰ ਹੋ ਸਕਣ।

? ਬਹੁਤੀ ਵਾਰ ਤੁਹਾਡੇ ਨਾਟਕ ਮਹਿਜ਼ ਭਾਸ਼ਣ ਹੋ ਨਿਬੜਦੇ ਹਨ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ ?

• ਮੇਰਾ ਮਿਸ਼ਨ ਹੈ ਅੱਜ ਦੇ ਸਮਾਜ ਦੀਆਂ ਕੁਰੀਤੀਆਂ ਨੂੰ ਨੰਗਾ ਕਰਨਾ। ਜਦੋਂ ਵੀ ਬੰਦਾ ਕਿਸੇ ਮਿਸ਼ਨ ਨਾਲ ਨਿਕਲਦਾ ਹੈ ਤਾਂ ਉਹ ਕੋਈ ਆਪਣੇ ਹੀ ਰੂਪ ਸਿਰਜਦਾ ਹੈ। ਇਹ ਬੜੀ ਅਜੀਬ ਜਿਹੀ ਧਾਰਨਾ ਹੈ ਕਿ ਫਲਾਣਾ ਨਾਟਕ ਭਾਸ਼ਣ ਹੋ ਨਿਬੜਿਆ। ਕੀ ਸ਼ੈਕਸਪੀਆ ਦੇ ਨਾਟਕ ਜਿਨ੍ਹਾਂ ਵਿਚ ਕਰੈਕਟਰ ਢਾਈ ਤਿੰਨ ਸਫ਼ੇ ਦਾ ਵਾਰਤਾਲਾਪ ਬੋਲ ਰਿਹਾ ਹੈ, ਜ਼ਿੰਦਗੀ ਦਾ ਫਲਸਫਾ ਦੱਸ ਰਿਹਾ ਹੈ, ਭਾਸ਼ਣ ਨਹੀਂ ? ਸਾਡੇ ਮੌਜੂਦਾ ਨਾਟਕਕਾਰਾਂ ਵਲੋਂ ਹਰਸ਼ਰਨ ਸਿੰਘ ਅਤੇ ਘੁੰਮਣ ਦੇ ਨਾਟਕ ਵੀ ਭਾਸ਼ਣ ਦੇ ਰਹੇ ਹਨ। ਇਹ ਕਹਿਣਾ ਕਿ ਭਾਸ਼ਣ ਹੋ ਨਿਬੜਿਆ ਹੈ, ਕੋਈ ਗੱਲ ਨਹੀਂ। ਉਹ ਭਾਸ਼ਣ ਸੁਣਿਆ ਗਿਆ ਕਿ ਨਹੀਂ, ਲੋਕਾਂ ਨੇ ਕਿਤੇ ਰੌਲਾ ਤਾਂ ਨਹੀਂ ਪਾਇਆ ? ਕਿਤੇ ਲੋਕ ਉਠ ਕੇ ਤਾਂ ਨਹੀਂ ਚਲੇ ਗਏ ? ਮੈਂ ਸਮਝਦਾ ਹਾਂ ਕਿ ਮੇਰੀ ਜਿਹੜੀ ਐਕਟਿੰਗ ਦੀ ਸ਼ੈਲੀ ਹੈ, ਉਸੇ ਵਿਚ ਹੀ ਮੈਂ ਭਾਸ਼ਣ ਦੇ ਸਕਦਾ ਹਾਂ। ਮੇਰੇ ਹੀ ਨਾਟਕ ਜੇ ਕੋਈ ਹੋਰ ਕਰੈਕਰਟਰ ਕਰਨ ਤਾਂ ਉਹ ਕਾਮਯਾਬ ਨਹੀਂ ਹੁੰਦੇ। ਭਾਸ਼ਨ ਵਿਚ ਜੇ ਨਾਟਕੀ ਪਕੜ ਹੈ ਤਾਂ ਭਾਸ਼ਨ ਵੀ ਨਾਟਕ ਹੈ। ਇਹ ਨੁਕਸ ਨਹੀਂ। ਪਰ ਜੇ ਕਿਸੇ ਐਵੇਂ ਉਤੋਂ ਆ ਕੇ ਕੋਈ ਪਾਤਰ ਭਾਸ਼ਨ ਪਿਆ ਕਰਦਾ ਹੈ ਤਾਂ ਉਹ ਪਕੜ ਖ਼ਤਮ ਹੋ ਜਾਵੇਗੀ। ਜੋ ਕੁਝ ਮੈਂ ਕਹਿ ਰਿਹਾ ਹਾਂ, ਭਾਵੇਂ ਭਾਸ਼ਨ ਨਾਲ ਕਹਾਂ,ਭਾਵੇਂ ਕਿਸੇ ਪਾਤਰ ਦੇ ਮੂੰਹੋਂ ਕਹਾਵਾਂ ਤੇ ਭਾਵੇਂ ਮੈਂ ਸਵਾਲ ਕਰਕੇ ਜਵਾਬ ਦਰਸ਼ਕਾਂ ਕੋਲੋਂ ਲਵਾਂ, ਮੈਂ ਆਪਣੀ ਗੱਲ ਕਹਿਣੀ ਹੈ। ਮੈਂ ਮੰਨਦਾ ਹਾਂ ਕਿ ਮੈਂ ਇਹਦੇ ਲਈ ਹਰ ਕਿਸਮ ਦੇ ਸਾਧਨਾਂ ਨੂੰ ਵਰਤਦਾ ਹਾਂ।

? ਤੁਹਾਡੇ ਨਾਟਕ ਨੂੰ ਨਾਅਰਾ ਵੀ ਕਿਹਾ ਜਾਂਦਾ ਹੈ। ਕੀ ਇਸ ਨਾਲ਼ ਸਹਿਮਤ ਹੋ ?

• ਜਿਸ ਤਰ੍ਹਾਂ ਮੈਂ ਉਤੇ ਕਿਹਾ ਕਿ ਇਸ ਸਮਾਜ ਵਿਚ ਤਬਦੀਲੀ ਲਿਆਉਣ ਦਾ ਹਾਮੀ ਹਾਂ ਤੇ ਮੈਂ ਇਹ ਵੀ ਜਾਣਦਾ ਹਾਂ ਕਿ ਇਹ ਤਬਦੀਲੀ ਸੰਘਰੰਸ਼ ਬਿਨਾਂ ਨਹੀਂ ਲਿਆਂਦੀ ਜਾ ਸਕਦੀ। ਇਸ ਲਈ ਮੇਰੇ ਨਾਟਕਾਂ ਵਿਚ ਸਪੱਸ਼ਟ ਰੂਪ ਵਿਚ ਇਸ ਸੰਘਰਸ਼ ਲਈ ਸੱਦਾ ਹੁੰਦਾ ਹੈ। ਇਸ ਨੂੰ ਜੇ 'ਨਾਅਰੇ ਦਾ ਨਾਂ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਅਹਿਸਮਤ ਨਹੀਂ। ਇਹ ਮੇਰੇ ਨਾਟਕ ਦੀ ਸ਼ਕਤੀ ਹੈ।

? ਕਮਿਟਮੈਂਟ ਬਾਰੇ ਤੁਹਾਡੇ ਕੀ ਵਿਚਾਰ ਹਨ। ਇਸ ਬਾਰੇ ਦੱਸਣਾ ਚਾਹੋਗੇ।

• ਅਸਲ ਵਿਚ ਕਮਿਟਮੈਂਟ ਬੜੀ ਰੈਲੇਟਿਵ ਫਾਰਮ ਹੈ। ਇਹਦੇ ਕਈ ਪੜਾਅ ਹੁੰਦੇ ਨੇ। ਪਹਿਲਾਂ ਪੜਾਅ ਜਿਹੜਾ ਮੈਂ ਵੀ ਲੰਘਿਆ ਹੋਇਆ ਹਾਂ, ਨੌਜਵਾਨਾਂ ਵਾਲਾ ਹੁੰਦਾ ਹੈ ਕਿ ਇਸ ਸਮਾਜ ਵਿਚ ਜੋ ਕੁਝ ਵੀ ਹੈ, ਉਹ ਗ਼ਲਤ ਹੈ। ਇਹ ਪਹਿਲਾਂ ਪੜਾਅ ਹੁੰਦਾ ਹੈ ਚੇਤਨਾ ਦਾ। ਇਹ ਜਾਣ ਲੈਣਾ ਕਿ ਗ਼ਲਤ ਕਿਉਂ ਹੈ, ਦੂਜਾ ਪੜਾਅ ਹੁੰਦਾ ਹੈ ਚੇਤਨਾ ਦਾ। ਤੀਜਾ ਪੜਾਅ ਹੁੰਦਾ ਹੈ ਕਿ ਇਹਨੂੰ ਜਾਣ ਕੇ ਇਹਨੂੰ ਬਦਲਣ ਵਾਸਤੇ ਅੱਗੇ ਆਉਣਾ ਤੇ ਚੌਥਾ ਪੜਾਅ ਹੁੰਦਾ ਹੈ ਚੇਤਨਾ ਦਾ ਕਿ ਜੇ

ਬਦਲਣ ਵਾਸਤੇ ਅੱਗੇ ਆਉਣਾ ਹੈ ਤਾਂ ਕੁਰਬਾਨੀ ਵੀ ਦੇਣੀ ਪੈਣੀ ਹੈ। ਇਹ ਜਿਹੜੇ ਚੇਤਨਾਂ ਦੇ ਵੱਖਰੇ ਪੜਾਅ ਨੇ, ਇਹ ਚੇਤਨਾ ਦੀਆਂ ਵੱਖਰੀਆਂ-ਵੱਖਰੀਆਂ ਕਮਿਟਮੈਂਟਸ ਨੇ। ਸਾਡੇ ਪੰਜਾਬ ਲੋਕ ਸਭਿਆਚਾਰਕ ਮੰਚ ਨੇ ਚੌਥੇ ਪੜਾਅ ਦੀ ਚੇਤਨਾ ਦਾ ਇਨਕਲਾਬੀ ਰੋਲ ਆਪਣੇ ਉਤੇ ਲਿਆ ਹੈ ਕਿ ਅਸੀਂ ਆਪਣਾ ਸਾਰਾ ਸਮਾਂ ਸਾਰੀ ਤਾਕਤ ਇਸ ਸਮਾਜ ਨੂੰ ਬਦਲਣ ਵਾਸਤੇ ਲਾਉਣੀ ਹੈ, ਇਹਦੇ ਵਾਸਤੇ ਸਾਨੂੰ ਜਿਹੜੀ ਵੀ ਕੁਰਬਾਨੀ ਕਰਨੀ ਪਵੇ, ਉਹ ਅਸੀਂ ਕਰਾਂਗੇ। ਜੋ ਸਾਡੇ ਸਭਿਆਚਾਰ ਮੰਚ ਵਾਲੇ ਇਸ ਕਮਿਟਮੈਂਟ ਨਾਲ ਕੰਮ ਕਰ ਰਹੇ ਨੇ। ਪਰ ਮੈਂ ਇਹ ਕਹਿੰਦਾ ਹਾਂ ਕਿ ਜਿਹੜੇ ਦੂਜੇ ਇਸ ਕਮਿਟਮੈਂਟ ਨੂੰ ਨਹੀਂ ਮੰਨਦੇ ਪਏ ਜਾਂ ਇਥੋਂ ਤਕ ਨਹੀਂ ਪਹੁੰਚੇ ਜਾਂ ਨਹੀਂ ਪਹੁੰਚਣਾ ਚਾਹੁੰਦੇ, ਉਨ੍ਹਾਂ ਦੇ ਆਪਣੇ ਰੋਲ ਨੇ। ਪੰਜਾਬੀ ਸਾਹਿਤ ਜਾਂ ਪੰਜਾਬੀ ਸਭਿਆਚਾਰ ਜਾਂ ਨਾਟਕ ਨੂੰ ਉਚੇਰਾ ਕਰਲ ਦੀ ਕਮਿਟਮੈਂਟ ਵਿਚ ਆਤਮਜੀਤ ਤੇ ਅਜਮੇਰ ਔਲਖ ਵੀ ਵਰਣਨਯੋਗ ਰੋਲ ਅਦਾ ਕਰ ਰਹੇ ਨੇ। ਅਸੀਂ ਬਹੁਤ ਸਾਰੇ ਡਰਾਮੇ ਉਨ੍ਹਾਂ ਨਾਲ ਕੀਤੇ ਨੇ। ਇਨ੍ਹਾਂ ਉਤੇ ਮੈਨੂੰ ਮਾਣ ਹੈ।

? ਤੁਸੀਂ ਪੂਰੇ ਨਾਟਕ ਵੀ ਲਿਖੇ, ਇਕਾਂਗੀ ਵੀ, ਨੁੱਕੜ ਨਾਟਕ ਵੀ ਅਤੇ ਲਘੂ ਨਾਟਕ ਵੀ। ਸੰਤੁਸ਼ਟੀ ਕਿਨਾਂ ਵਿਚ ਹੋਈ।

• ਇਹ ਸਾਰੀਆਂ ਵੰਨਗੀਆਂ ਵਾਲੇ ਨਾਟਕ ਮੈਂ ਸਮੇਂ, ਸਥਿਤੀ ਅਤੇ ਸਾਧਨਾਂ ਨੂੰ ਮੁੱਖ ਰੱਖ ਕੇ ਲਿਖੇ। ਮੇਰੀ ਸੰਤੁਸ਼ਟੀ ਸਾਰਿਆਂ ਨਾਲ ਹੋਈ।

? ਨਾਟਕ ਵਿਚ ਤਕਨੀਕ ਨੂੰ ਕੀ ਮਹੱਤਤਾ ਦਿੰਦੇ ਹੋ।

• ਤਕਨੀਕ ਦੀ ਬੜੀ ਮਹੱਤਤਾ ਹੈ। ਇਸ ਦੀ ਸਹੀ ਵਰਤੋਂ ਨਾਟਕ ਨੂੰ ਉਤਮ ਬਣਾਉਣ ਵਿਚ ਬੜਾ ਹਿੱਸਾ ਪਾ ਸਕਦੀ ਹੈ ਪਰ ਵੱਡੀ ਗੱਲ ਸਾਧਨ ਹਨ। ਤਕਨੀਕ ਸਾਧਨਾਂ ਅਨੁਸਾਰ ਹੀ ਵਰਤੀ ਜਾਣੀ ਚਾਹੀਦੀ ਹੈ। ਨਾਟਕ ਤਕਨੀਕ ਦਾ ਗੁਲਾਮ ਨਹੀਂ ਬਣ ਸਕਦਾ।

? ਤੁਸੀਂ ਤਕਨੀਕ ਪੱਖੋਂ ਕਿਹੜੇ-ਕਿਹੜੇ ਪ੍ਰਯੋਗ ਕੀਤੇ।

• ਮੈਂ ਆਪਣੇ ਬਹੁਤ ਸਾਰੇ ਨਾਟਕ ਸਾਦੇ ਢੰਗ ਨਾਲ ਹੀ ਕੀਤੇ ਹਨ। ਉਨ੍ਹਾਂ ਵਿਚ ਸੂਤਰਧਾਰ ਦੀ ਵਰਤੋਂ, ਲੋਕ ਗੀਤਾਂ ਦੀ ਵਰਤੋਂ, ਵਾਰਤਾਲਾਪ ਵਿਚ ਲੋਕ ਰੰਗ ਅਤੇ ਲੋਕ ਮੁਹਾਵਰਿਆਂ ਦੀ ਵਰਤੋਂ ਜ਼ਰੂਰਤ ਅਨੁਸਾਰ ਕੀਤੀ ਹੈ। ਕੋਈ ਵਿਸ਼ੇਸ਼ ਪ੍ਰਯੋਗ ਆਪਣੇ ਨਾਟਕਾਂ ਵਿਚ ਨਹੀਂ ਕੀਤਾ।

? ਆਪਣੇ ਨਾਟਕਾਂ ਲਈ ਇਤਿਹਾਸ, ਲੋਕਧਾਰਾ ਨੂੰ ਚੁਣਨ ਪਿਛੇ ਕੀ ਕਾਰਨ ਹੈ, ਜਿਵੇਂ ਧਮਕ ਨਗਾਰੇ ਦੀ, ਸੀਸ ਤਲੀ 'ਤੇ ਆਦਿ ਨਾਟਕ।

• ਜਿਸ ਤਰ੍ਹਾਂ ਮੈਂ ਉਪਰ ਕਿਹਾ ਕਿ ਮੈਂ ਨਾਟਕ ਖੇਤਰ ਵਿਚ ਸਮਾਜਿਕ ਇਨਸਾਫ਼ ਅਤੇ ਸੰਘਰਸ਼ ਦੇ ਸੁਨੇਹੇ ਨੂੰ ਲੈ ਕੇ ਆਇਆ ਹਾਂ। ਇਤਿਹਾਸ, ਲੋਕਧਾਰਾ ਨੂੰ ਚੁਣਨ ਪਿਛੇ ਇਹੋ ਕਾਰਨ ਹੈ। ਮੈਂ ਇਤਿਹਾਸ ਦਾ ਉਹੀ ਕਾਂਡ ਲਿਆ ਹੈ। ਜਿਸ ਰਾਹੀਂ ਮੈਂ ਆਪਣੇ ਸੁਨੇਹੇ ਨੂੰ ਸ਼ਕਤੀਸ਼ਾਲੀ ਤਰੀਕੇ ਨਾਲ ਦੇ ਸਕਾਂ ਇਸ ਤਰ੍ਹਾਂ ਲੋਕਧਾਰਾ

ਦੇ ਨਾਇਕ ਦੀ ਚੋਣ ਪਿੱਛੇ ਇਹ ਵਿਚਾਰ ਕੰਮ ਕਰਦਾ ਹੈ। ਮੈਂ ਦੁੱਲਾ ਚੁਣਿਆ, ਰਾਂਝਾ ਨਹੀਂ ਚੁਣਿਆ, ਮਿਰਜ਼ਾ ਨਹੀਂ ਚੁਣਿਆ। ਦੁੱਲਾ ਜ਼ੁਲਮ ਦੇ ਖਿਲਾਫ਼ ਲੋਕ ਸੰਘਰਸ਼ ਦਾ ਪ੍ਰਤੀਕ ਸੀ। ਜਦੋਂ ਕਿ ਰਾਂਝਾ ਤੇ ਮਿਰਜ਼ਾ ਮੇਰੀਆਂ ਨਜ਼ਰਾਂ ਵਿਚ ਆਸ਼ਕ ਹੀ ਸਨ।

? ਧਾਰਮਿਕ ਨਾਟਕ ਲਿਖਣ ਪਿਛੇ ਕੀ ਕਾਰਨ ਹੈ।

- ਪਹਿਲਾਂ ਜੋ ਦਸਿਆ, ਉਹੀ ਕਾਰਨ ਹੈ। ਮੇਰੇ ਹਰ ਇਕ ਧਾਰਮਿਕ ਨਾਟਕ ਵਿਚ ਸੱਚ ਅਤੇ ਸਮਾਜਿਕ ਇਨਸਾਫ਼ ਲਈ ਸੁਨੇਹਾ ਹੈ। ਮੈਂ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਪੰਜਾਬ ਦੇ ਇਤਿਹਾਸ ਦਾ ਹਿੱਸਾ ਸਮਝਦਾ ਹਾਂ। ਮੈਂ ਇਸ ਇਤਿਹਾਸ ਨੂੰ ਸੰਘਰਸ਼ ਦੇ ਪਰਿਪੇਖ ਵਿਚ ਹੀ ਲਿਆ ਹੈ, ਅਧਿਆਤਮਵਾਦ ਦੇ ਪਰਿਪੇਖ ਵਿਚ ਨਹੀਂ ਲਿਆ। ਇਹ ਮੇਰੇ ਤੇ ਹੋਰ ਬਹੁਤ ਸਾਰੇ ਧਾਰਮਿਕ ਨਾਟਕਾਂ ਵਿਚ ਫਰਕ ਹੈ।

? ਤੁਸੀਂ ਸਿੱਖ ਧਰਮ ਦੇ ਨਾਇਕਾਂ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਅ ਲਈ ਵਰਤਿਆ ਹੈ। ਇਸ ਪਿਛੇ ਕੀ ਉਦੇਸ਼ ਹੈ।

- ਇਕੋ ਹੀ ਉਦੇਸ਼ ਹੈ, ਲੋਕਾਂ ਨੂੰ ਜਾਗ੍ਰਿਤ ਕਰਨਾ। ਜਦੋਂ ਮੈਂ ਪਿੰਡਾਂ ਵਿਚ ਨਿਕਲਿਆਂ, ਤਾਂ ਮੈਂ ਵੇਖਿਆਂ ਕਿ ਤਿੰਨ ਨਾਇਕ ਲੋਕਾਂ ਵਿਚ ਬੜੇ ਹਰਮਨ ਪਿਆਰੇ ਨੇ, ਗੁਰੂ ਨਾਨਕ, ਗੁਰੂ ਗੋਬਿੰਦ ਅਤੇ ਭਗਤ ਸਿੰਘ। ਮੈਂ ਇਨਾਂ ਦੇ ਕੈਲੰਡਰ ਅਤੇ ਹੋਰ ਕਾਫ਼ੀ ਕੁਝ ਨਾਲ ਲੈ ਜਾਂਦਾ ਹਾਂ। ਪਰ ਜਿਹੜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ, ਇਨਾਂ ਨਾਇਕਾਂ ਦੀਆਂ ਕਹਾਣੀਆਂ ਰਾਹੀਂ, ਗੱਲ ਤਾਂ ਮੈਂ ਉਹੋ ਹੀ ਕਹਿਣੀ ਹੈ। ਜਦੋਂ ਮੈਂ ਗੁਰੂ ਨਾਨਕ ਦੀ ਗੱਲ ਕਰਦਾ ਹਾਂ ਤਾਂ ਮੈਂ ਕਹਿੰਦਾ ਹਾਂ ਕਿ ਮਲਕ ਭਾਗੋ ਤੇ ਭਾਈ ਲਾਲੋ ਵਿਚੋਂ ਅਸੀਂ ਸਾਥ ਭਾਈ ਲਾਲੋ ਦਾ ਦੇਣਾ ਹੈ। ਜਦੋਂ ਮੈਂ ਗੁਰੂ ਗੋਬਿੰਦ ਸਿੰਘ ਦੀ ਗੱਲ ਕਰਦਾ ਹਾਂ ਤਾਂ ਆਖਦਾ ਹਾਂ ਕਿ ਭਾਵੇਂ ਕਿੰਨੀਆਂ ਵੀ ਮੁਸੀਬਤਾਂ ਆ ਜਾਣ, ਸੰਘਰਸ਼ ਕਰਨ ਵਾਲੇ ਕਦੇ ਹਾਰਦੇ ਨਹੀਂ ਸਗੋਂ ਅੱਗੇ ਹੀ ਵਧਦੇ ਜਾਂਦੇ ਹਨ। ਇਹ ਦੋ ਗੱਲਾਂ ਮੈਂ ਕਹਿਣੀਆਂ ਹੁੰਦੀਆਂ ਹਨ, ਇਹੀ ਕਹੀਆਂ ਹਨ। ਭਾਵੇਂ ਮੈਂ 'ਇਹ ਲਹੂ ਕਿਸਦਾ ਹੈ' ਕੀਤਾ ਹੈ ਭਾਵੇਂ 'ਜਿਨੁ ਸਚਿ ਪਲੈ ਹੋਇ'। ਮੈਂ ਕਹਿੰਦਾ ਹਾਂ ਕਿ ਜਿਹੜੇ ਲੋਕ ਮਿਹਨਤ ਕਰਦੇ ਨੇ, ਉਹੀ ਜ਼ਿੰਦਗੀ ਦੇ ਬਾਦਸ਼ਾਹ ਹੋਣੇ ਚਾਹੀਦੇ ਹਨ। ਜਿਹੜੇ ਸੱਚ ਦੇ ਆਸ਼ਕ ਨੇ ਉਹੀ ਆਪਣੀ ਕਹੀ ਹੋਈ ਹਰ ਗੱਲ 'ਤੇ ਕੁਰਬਾਨੀ ਦੇ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਜਿਹੜੇ ਸਿੱਖ ਵਿਸ਼ੇ ਮੈਂ ਪੇਸ਼ ਕੀਤੇ ਹਨ, ਉਹ ਧਰਮ ਦੀ ਖਾਤਰ ਸ਼ਹੀਦ ਹੋਇਆ ਬਾਰੇ ਹਨ। ਆਖ਼ਰ ਸਾਡਾ ਸਾਰਿਆਂ ਦਾ ਧਰਮ ਹੈ ਕਿ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰੀਏ। ਸਮਾਜ ਨੂੰ ਬਦਲਣਦਾ ਉਨਾਂ ਦਾ ਟੀਚਾ ਵੀ ਇਕ ਧਰਮ ਹੀ ਸੀ। ਸਾਰਾ ਕੁਝ ਸਹਿੰਦਿਆਂ ਹੋਇਆ ਵੀ ਉਨ੍ਹਾਂ ਨੇ ਆਪਣੀ ਗੱਲ ਕਹਿਣ ਦਾ ਹੌਸਲਾ ਕੀਤਾ। ਇਸੇ ਤਰ੍ਹਾਂ ਭਗਤ ਸਿੰਘ ਰਾਹੀਂ ਵੀ ਇਹ ਗੱਲ ਕਹੀ ਹੈ। ਭਗਤ ਸਿੰਘ ਬਾਰੇ ਨਾਟਕ 'ਮੈਂ ਨਾਸਤਕ ਹਾਂ' ਦਾ ਸੰਦੇਸ਼ ਵੀ ਇਹੋ ਹੈ। ਮੈਂ ਕਹਿੰਦਾ ਹਾਂ ਕਿ ਮੇਰਾ ਸਿੱਖੀ ਦਾ ਪ੍ਰਚਾਰ ਕਰਨ ਦਾ ਕੋਈ

ਵਿਚਾਰ ਨਹੀਂ। ਕੁਝ ਲੋਕ ਮੇਰੇ ਇਨ੍ਹਾਂ ਨਾਟਕਾਂ ਨੂੰ ਸਿੱਖੀ ਦਾ ਪ੍ਰਚਾਰ ਹੀ ਸਮਝਦੇ ਹਨ ਪਰ ਜਦੋਂ ਮੈਂ ਕੋਈ ਇਸ ਤਰ੍ਹਾਂ ਦਾ ਨਾਟਕ ਲੈਂਦਾ ਹਾਂ ਤਾਂ ਉਸ ਵਿਚ ਕੋਈ ਅਜਿਹੀ ਵਾਰਤਾਲਾਪ ਸਿਰਜ ਲੈਂਦਾ ਹਾਂ ਕਿ ਅਜਿਹਾ ਪ੍ਰਭਾਵ ਮਨਫ਼ੀ ਹੋ ਜਾਂਦਾ ਹੈ।

? ਧਾਰਮਿਕ ਨਾਟਕ ਖੇਡਣ ਦਾ ਕੋਈ ਆਰਥਿਕ ਲਾਭ ਹੋਇਆ।

• ਆਰਥਿਕ ਲਾਭ ਇਹ ਹੋਇਆ ਕਿ ਜਦੋਂ 1969-70 ਵਿਚ ਸਾਡੇ ਗਰੁੱਪ ਉਤੇ ਮਾਲੀ ਸੰਕਟ ਆਇਆ, ਉਹ 'ਜਿਨ ਸਚਿ ਪਲੈ ਹੋਇ' ਨਾਟਕ ਨੇ ਪੂਰਾ ਕੀਤਾ। ਇਹਦੇ ਵਿਚ 1964 ਤੋਂ ਲੈ ਕੇ 1969 ਤਕ ਜੋ ਕੁਝ ਖਰਚ ਹੋਇਆ ਸੀ ਜਾਂ ਜੋ ਕਰਜ਼ੇ ਲਏ ਹੋਏ ਸਨ, ਸ਼ਾਮਲ ਸਨ। ਮੈਂ ਧਾਰਮਿਕ ਨਾਟਕ 1980-81 ਤੋਂ ਬਾਅਦ ਜਦੋਂ ਦੀ ਇਹ ਲਹਿਰ (ਪੰਜਾਬ ਲਹਿਰ) ਸ਼ੁਰੂ ਹੋਈ, ਮੂਲਵਾਦੀ ਲਹਿਰ ਜਾਂ ਸੁਰਜੀਤਵਾਦੀ ਲਹਿਰ, ਮੈਂ ਇਹ ਮਹਿਸੂਸ ਕੀਤਾ ਹੈ ਕਿ ਇਹ ਜਿਹੜੇ ਡਰਾਮੇ ਨੇ, ਇਹ ਕੋਈ ਮਨਫ਼ੀ ਰੋਲ ਨਾ ਨਿਭਾਉਣ, ਕਿਉਂਕਿ ਇਹ ਨਹੀਂ ਚਾਹੁੰਦਾ ਕਿ ਮੇਰੇ ਡਰਾਮੇ ਧਾਰਮਿਕ ਉਦੇਸ਼ ਪੂਰੇ ਕਰਨ। ਮੈਂ ਤਾਂ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਨ ਦਾ ਜਿਹੜਾ ਵਿਰਸਾ ਏ, ਇਹਨੂੰ ਅੱਗੇ ਤਕ ਲੈ ਜਾਵਾਂ।

? ਨਹੀਂ ਲਗਦਾ ਕਿ ਤੁਸੀਂ ਧਰਮ ਦੇ ਮੁਹਾਵਰੇ ਰਾਹੀਂ ਸਮਾਜਿਕ ਤੇ ਖੱਬੇ ਪੱਖੀ ਸੋਚ ਦੱਸਣਾ ਚਾਹੁੰਦੇ ਸੀ ਪਰ ਲੋਕ ਧਾਰਮਿਕ ਭਾਵਨਾ ਗ੍ਰਹਿਣ ਕਰਦੇ ਸੀ।

• ਨਾਟਕ ਕਲਾ ਵਿਚ ਇਹ ਬਹੁਤ ਵਾਰੀ ਹੋ ਜਾਂਦਾ ਹੈ ਕਿ ਕਿਸੇ ਸੱਚ ਨੂੰ ਮੰਚ ਉਤੇ ਵਾਪਰਦਾ ਵੇਖ ਕੇ ਦਰਸ਼ਕ ਉਸਨੂੰ ਆਪਣੀ ਅੰਦਰਮੁਖੀ ਸੋਚ ਅਨੁਸਾਰ ਸਵੀਕਾਰ ਕਰਦਾ ਹੈ। ਪਿਛਲੇ ਸਾਲਾਂ ਵਿਚ ਇਹ ਹੋਇਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਔਰੰਗਜ਼ੇਬ ਵਾਲਾ ਲਿਖਿਆ ਜ਼ਫ਼ਰਨਾਮਾ ਕੁਝ ਲੋਕਾਂ ਨੇ ਉਸ ਨੂੰ ਅੱਜ ਵੀ ਦਿੱਲੀ ਦੀ ਹਕੂਮਤ ਦੇ ਖਿਲਾਫ਼ ਇਕ ਦਸਤਾਵੇਜ ਦੇ ਰੂਪ ਵਿਚ ਸਵੀਕਾਰ ਕੀਤਾ। ਇਸੇ ਤਰ੍ਹਾਂ ਮੇਰੇ ਨਾਟਕਾਂ ਨਾਲ ਵੀ ਬਹੁਤ ਵਾਰ ਹੋਇਆ ਹੈ। ਮੇਰੇ ਨਾਟਕ 'ਕਿਵ ਕੂੜੈ ਤੁਟੈ ਪਾਲਿ' ਨੇ ਐਮਰਜੈਂਸੀ ਵੇਲੇ ਬੜੀ ਹਾਂ ਪੱਖੀ ਭੂਮਿਕਾ ਨਿਭਾਈ ਸੀ ਪਰ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਇਹ ਨਾਟਕ ਧਾਰਮਿਕ ਭਾਵਨਾ ਨੂੰ ਵੀ ਸ਼ਹਿ ਦੇ ਸਕਦੇ ਹਨ ਤੇ ਇਨ੍ਹਾਂ ਦੇ ਇਸ ਨਾਂ ਪੱਖੀ ਭੂਮਿਕਾ ਤੋਂ ਜ਼ਰੂਰ ਸਾਵਧਾਨ ਰਹਿਣਾ ਚਾਹੀਦਾ ਹੈ।

? ਕਿਤੇ ਇਸੇ ਲਈ ਤਾਂ ਤੁਸੀਂ ਪਿਛਲੇ ਸਮੇਂ ਤੋਂ ਧਾਰਮਿਕ ਨਾਟਕ ਨਹੀਂ ਲਿਖੇ।

• ਇਕ ਕਾਰਨ ਇਹ ਜ਼ਰੂਰ ਹੈ। ਭਾਵੇਂ ਧਾਰਮਿਕ ਸੋਚ ਹਰ ਵੇਲੇ ਨਕਾਰੀ ਨਹੀਂ ਜਾ ਸਕਦੀ। ਰੂਸ ਦੇ, ਅਸਫ਼ਲ ਹੋਣ ਤੋਂ ਬਾਅਦ ਮੈਂ ਇਹ ਅਹਿਸਾਸ ਸ਼ਿੱਦਤ ਨਾਲ ਕੀਤਾ ਕਿ ਸਿਰਫ਼ ਆਰਥਕਤਾ ਨਵਾਂ ਮਨੁੱਖ ਬਣਾਉਣ ਲਈ ਕਾਫ਼ੀ ਨਹੀਂ, ਉਹਦੇ ਲਈ ਸਮਾਜ ਦੀਆਂ ਚੰਗੀਆਂ ਰਿਵਾਇਤਾਂ ਦੇ ਪ੍ਰਚਾਰ ਨੂੰ ਛੱਡਿਆ ਨਹੀਂ ਜਾ ਸਕਦਾ। ਹਾਂ ਪੱਖੀ ਰਵਾਇਤਾਂ ਵਿਚ ਸਾਡੇ ਧਾਰਮਿਕ ਸੰਸਕਾਰ ਵੀ ਆਉਂਦੇ ਹਨ।

ਮੇਰਾ ਨਵਾਂ ਨਾਟਕ 'ਸੁਖੀ ਬਸੈ ਮਸਕੀਨੀਆਂ' ਮੇਰੀ ਇਸੇ ਸੋਚ ਦੀ ਦੇਣ ਹੈ। ਧਾਰਮਿਕ ਨਾਟਕ ਜੇਕਰ ਫਿਰਕੂ ਭਾਵਨਾ ਨੂੰ ਭੜਕਾਉਂਦਾ ਹੈ ਤਾਂ ਉਹ ਨਾ ਪੱਖੀ ਹੈ ਪਰ ਕਿਸੇ ਮਨੁੱਖ ਨੂੰ ਚੰਗਾ ਸਮਾਜਿਕ ਜੀਵ ਬਣਾਉਣ ਵਿਚ ਸਹਾਇਤਾ ਦਿੰਦਾ ਹੈ ਤਾਂ ਉਹ ਹਾਂ ਪੱਖੀ ਹੈ। ਮੈਂ ਧਾਰਮਿਕ ਮੁਹਾਵਰੇ ਦੀ ਇਹ ਵਿਸ਼ੇਸ਼ ਪਰਿਪੇਖ ਵਿਚ ਵਰਤੋਂ ਨਾ ਪਹਿਲਾਂ ਕਦੀ ਗ਼ਲਤ ਸਮਝਦਾ ਸਾਂ ਨਾ ਹੁਣ ਗ਼ਲਤ ਸਮਝਦਾ ਹਾਂ।

? ਤੁਹਾਡੇ ਨਾਟਕ 'ਵਕਤ ਦੀ ਸੋਚ' ਦੀ ਗੱਲ ਕਰਦੇ ਹਨ। ਕਿਵੇਂ ਕਦੇ ਇਹ ਸੋਚ ਕਿਸੇ ਖਾਸ ਵਕਤ ਤਕ ਹੀ ਸੀਮਤ ਰਹਿ ਜਾਂਦੀ ਹੈ ਤੇ ਅੱਗੇ ਨਹੀਂ ਤੁਰਦੀ। ਇਸ ਬਾਰੇ ਕੀ ਕਹੋਗੇ। ਮੇਰਾ ਭਾਵ ਕਿਸੇ ਵਿਸ਼ੇਸ਼ ਲਹਿਰ, ਮੋਰਚੇ ਆਦਿ ਤੋਂ ਹੈ।

• ਮੈਂ ਆਪਣੇ ਨਾਟਕਾਂ ਵਿਚ ਸਮਕਾਲੀ ਘਟਨਾਵਾਂ ਉਤੇ ਟਿੱਪਣੀ ਕਰਦਾ ਹਾਂ। ਇਨ੍ਹਾਂ ਨਾਟਕਾਂ ਦੀ ਪ੍ਰਸੰਗਤਾ ਉਸ ਵੇਲੇ ਨਾਲ ਹੀ ਹੁੰਦੀ ਹੈ ਤੇ ਇਹ ਨਾਟਕ ਆਪਣਾ ਪ੍ਰਭਾਵ ਵੀ ਬਣਾਉਂਦੇ ਹਨ। ਮੈਂ ਦਾਅਵਾ ਨਹੀਂ ਕਰਦਾ ਕਿ ਉਹ ਹਮੇਸ਼ਾਂ ਹੀ ਪ੍ਰਸੰਗਿਕ ਹੋਣਗੇ। ਕਿਸੇ ਇਕ ਮਸਲੇ ਨੂੰ ਲੈ ਕੇ ਲਹਿਰਾਂ ਉਠਦੀਆਂ ਹਨ। ਉਨ੍ਹਾਂ ਦੇ ਹੱਕ ਵਿਚ ਜਾਂ ਵਿਰੋਧ ਵਿਚ ਨਾਟਕਕਾਰ ਵਲੋਂ ਟਿੱਪਣੀ ਕੀਤੀ ਜਾਂਦੀ ਹੈ। ਲਹਿਰ ਮੱਠੀ ਹੋਣ ਨਾਲ ਉਸ ਨਾਟਕ ਦੀ ਉਹ ਕੀਮਤੀ ਨਹੀਂ ਰਹਿੰਦੀ ਜੋ ਲਹਿਰ ਦੇ ਉਭਾਰ ਵੇਲੇ ਹੁੰਦੀ ਹੈ। ਮੇਰੇ ਨਾਟਕਾਂ ਵਿਚ ਵੀ ਇਹ ਗੁਣ ਜਾਂ ਔਗੁਣ ਮੌਜੂਦ ਹੈ ਕਿ ਉਹ ਸਮੀਤ ਸਮੇਂ ਲਈ ਹਨ। ਮੈਂ ਇਸ ਤੋਂ ਇਨਕਾਰ ਨਹੀਂ ਕਰਦਾ ਪਰ ਬਹੁਤ ਵਾਰ ਇਹ ਨਾਟਕ ਦੀ ਸ਼ਕਤੀ ਵੀ ਬਣਦੇ ਹਨ। ਇਸ ਤੋਂ ਵੀ ਇਨਕਾਰ ਨਹੀ ਕੀਤਾ ਜਾ ਸਕਦਾ।

? ਕੀ ਤੁਹਾਡੇ ਵਿਸ਼ੇ ਸਮਾਂ ਪੈਣ ਨਾਲ ਇਰਰੈਲਵੇਂਟ ਨਹੀਂ ਹੁੰਦੇ, ਜਿਵੇਂ ਕਰਫਿਊ, ਚੰਡੀਗੜ੍ਹ ਪੁਆੜੇ ਦੀ ਜੜ੍ਹ।

• ਕਿਉਂਕਿ ਮੈਂ ਸਮਕਾਲੀ ਹਾਲਾਤ ਤੇ ਸਪੱਸ਼ਟ ਟਿੱਪਣੀ ਕਰਨ ਵਿਚ ਯਕੀਨ ਰੱਖਦਾ ਹਾਂ, ਇਸ ਲਈ ਸਮੇਂ ਨਾਲ ਉਹ ਹਾਲਾਤ ਬਦਲਣ ਤੇ ਉਹ ਇਰਰੈਲਵੇਂਟ ਜ਼ਰੂਰ ਹੋ ਜਾਂਦੇ ਹਨ,ਪਰ ਇਹਦੇ ਨਾਲ ਇਹ ਗੱਲ ਹੈ ਕਿ ਉਹ ਨਾਟਕ ਇਕ ਵਿਸ਼ੇ ਉਤੇ ਸਭਿਆਚਾਰਕ ਇਤਿਹਾਸ ਦੀ ਭੂਮਿਕਾ ਨਿਭਾਉਂਦੇ ਹਨ। ਪੰਜਾਬ ਦੇ ਹਾਲਾਤ ਬਾਰੇ ਮੇਰੇ ਲਿਖੇ ਨਾਟਕ ਇਹ ਭੂਮਿਕਾ ਨਿਭਾਉਣਯੋਗ ਹਨ ਤੇ ਇਹੀ ਉਨ੍ਹਾਂ ਦੀ ਸ਼ਕਤੀ ਹੈ।

ਨੁੱਕੜ ਨਾਟਕ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਉਹ ਸਮਕਾਲੀ ਹਾਲਾਤ ਤੇ ਟਿੱਪਣੀ ਹੁੰਦੀ ਹੈ ਜੋ ਨਾਟਕਕਾਰ ਜਨ ਸਮੂਹ ਤਕ ਪਹੁੰਚਾਉਣਾ ਚਾਹੁੰਦਾ ਹੈ। ਨੁੱਕੜ ਨਾਟਕਾਂ ਦਾ ਮੁਲਾਂਕਣ ਉਸੇ ਪਰਿਪੇਖ ਵਿਚ ਕੀਤਾ ਜਾ ਸਕਦਾ ਹੈ। ਸਦੀਵੀਂ ਸਾਹਿਤ ਬਣਨ ਦਾ ਨੁੱਕੜ ਨਾਟਕ ਦਾ ਕੋਈ ਦਾਅਵਾ ਨਹੀਂ ਹੁੰਦਾ।

? 'ਨਾਇਕ' ਵਰਗਾ ਨਾਟਕ ਸਰਬ ਸਮਿਆਂ ਦਾ ਸੱਚ ਹੈ। ਤੁਹਾਡੇ ਅਜਿਹੇ ਨਾਟਕਾਂ ਦੀ ਗਿਣਤੀ ਘੱਟ ਕਿਉਂ ਹੈ।

• ਇਹਦਾ ਕਾਰਣ ਮੇਰਾ ਦਰਸ਼ਕ ਵਰਗ ਹੈ। ਮੈਂ ਨਾਟਕ ਸਿਰਫ਼ ਨਾਟਕ ਲਿਖਣ ਲਈ ਨਹੀਂ ਲਿਖਦਾ ਰਿਹਾ। ਪਰ ਮੈਨੂੰ ਹਰ ਵੇਲੇ ਖ਼ਿਆਲ ਰਿਹਾ ਹੈ ਕਿ ਮੈਂ ਇਹ ਨਾਟਕ ਪਿੰਡਾਂ ਵਿਚ ਲਿਜਾਣਾ ਹੈ ਤੇ ਮੇਰੀ ਗੱਲ ਸਿੱਧੇ ਸਾਦੇ ਲੋਕਾਂ ਨੂੰ ਸਮਝ ਆਉਣੀ ਚਾਹੀਦੀ ਹੈ। ਨਾਇਕ ਇਕ ਚੰਗੀ ਸਾਹਿਤਕ ਕਿਰਤ ਜ਼ਰੂਰ ਹੈ ਪਰ ਉਹ ਮੇਰੀ ਉਪਰ ਦੱਸੀ ਜ਼ਰੂਰਤ ਨੂੰ ਪੂਰਾ ਨਹੀਂ ਕਰਦੀ। ਇਸ ਲਈ 'ਬੰਦ ਕਮਰੇ', 'ਨਾਇਕ' ਵਰਗੇ ਨਾਟਕ ਮੈਂ ਘੱਟ ਲਿਖੇ ਹਨ।

? ਤੁਹਾਡੇ ਨਾਟਕ ਜੋਸ਼' ਦੀ ਗੱਲ ਕਰਦੇ ਹਨ। 'ਨਾਇਕ' ਵਿਚ ਤੁਸੀਂ ਜੋਸ਼ ਤੋਂ 'ਹੋਸ਼' ਵੱਲ ਤੁਰੇ। ਇਸ ਦਾ ਕੀ ਕਾਰਨ ਹੈ।

• ਸਮੇਂ ਦੇ ਨਾਲ ਜਾਂ ਉਮਰ ਦੇ ਨਾਲ ਜੇ ਇਸ ਕਿਸਮ ਦੀ ਕੋਈ ਤਬਦੀਲੀ ਆ ਰਲਦੀ ਹੈ ਤਾਂ ਮੈਂ ਕੁਦਰਤੀ ਹੀ ਸਮਝਦਾ ਹਾਂ, ਇਸ ਦਾ ਕੋਈ ਕਾਰਨ ਤਾਂ ਨਹੀਂ ਦੱਸਿਆ ਜਾ ਸਕਦਾ।

? ਕੀ ਤੁਹਾਨੂੰ ਲਗਦਾ ਹੈ ਕਿ ਸਮੇਂ ਦੇ ਬੀਤਣ ਨਾਲ ਤੁਹਾਡੀ ਨਾਟਕਕਾਰੀ ਵਧੇਰੇ ਡੂੰਘਾਈ ਜਾਂ ਟਿਕਾਅ ਵਲ ਜਾ ਰਹੀ ਹੈ।

• ਸਿਰਜਣਾਤਮਕ ਅਮਲ ਵਿਚ ਇਸ ਤਰ੍ਹਾਂ ਹੋਣਾ ਕੁਦਰਤੀ ਹੈ। ਪੰਜਾਬ ਦੇ ਪਿਛਲੇ ਵਰ੍ਹਿਆਂ ਦਾ ਇਤਿਹਾਸ ਤੇ ਅੰਤਰਰਾਸ਼ਟਰੀ ਪੱਧਰ 'ਤੇ ਹੋਈਆਂ ਰਾਜਸੀ ਤਬਦੀਲੀਆਂ ਦੀ ਵੀ ਇਸ ਵਿਚ ਭੂਮਿਕਾ ਹੈ।

? ਜਦ ਪਹਿਲੀ ਵਾਰ ਤੁਹਾਡੇ ਨਾਟਕ ਨੂੰ ਮੈਂ ਯੂਨੀਵਰਸਿਟੀ ਸਿਲੇਬਸ ਦਾ ਹਿੱਸਾ ਬਣਾਉਣਾ ਚਾਹਿਆ ਤਾਂ ਕਈ ਅਗਾਂਹਵਧੂ ਅਧਿਆਪਕਾਂ ਨੇ ਵੀ ਕਿਹਾ ਕਿ ਗੁਰਸ਼ਰਨ ਕੋਈ ਨਾਟਕਕਾਰ ਨਹੀਂ, ਤੁਸੀਂ ਇਸ ਬਾਰੇ ਕੀ ਕਹੋਗੇ।

• ਜਿਸ ਤਰ੍ਹਾਂ ਮੈਂ ਉਪਰ ਕਿਹਾ ਹੈ ਕਿ ਆਪਣੇ ਨਾਟਕਾਂ ਦੀ ਸਿਰਜਣਾ ਇਕ ਵਿਸ਼ੇਸ਼ ਮੰਤਵ ਲਈ ਕਰਦਾ ਹਾਂ। ਇਸ ਲਈ ਇਸਦੇ ਮਾਪਦੰਡ ਵੀ ਆਪਣੇ ਹੀ ਸਨ। ਇਹ ਸਥਾਪਤ ਮਾਪਦੰਡਾਂ 'ਤੇ ਪੂਰੇ ਨਹੀਂ ਸਨ ਉਤਰਦੇ। ਇਸੇ ਲਈ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੇ ਇਹ ਰਾਏ ਦਿੱਤੀ ਪਰ ਪਿਛਲੇ ਦਿਨਾਂ ਵਿਚ ਜੋ ਰੰਗਮੰਚ ਦੇ ਇਤਿਹਾਸ ਬਾਰੇ ਗੋਸ਼ਟੀਆਂ ਹੋਈਆਂ ਹਨ, ਇਥੇ ਬਹੁਤ ਸਾਰੇ ਵਿਦਵਾਨਾਂ ਨੇ ਇਹ ਸਵੀਕਾਰ ਕੀਤਾ ਹੈ ਕਿ ਮੇਰੇ ਹੀ ਨਾਟਕ ਪੰਜਾਬੀ ਰੰਗਮੰਚ ਦੇ ਅਨੁਕੂਲ ਸਨ ਤੇ ਇਹੀ ਉਨ੍ਹਾਂ ਦੀ ਮਕਬੂਲੀਅਤ ਦੇ ਕਾਰਨ ਸੀ।

? ਤੁਹਾਡਾ ਰੰਗਕਰਮੀ ਵਾਲਾ ਰੂਪ ਵੱਡਾ ਹੈ ਤੇ ਨਾਟਕਕਾਰ ਵਾਲਾ ਉਸ ਨਾਲੋਂ ਛੋਟਾ। ਇਸ ਦਾ ਬੈਲੇਂਸ ਬਣਾਉਣ ਲਈ ਕੀ ਕਰਦੇ ਹੋ।

• ਮੇਰਾ ਇਹ ਨਿਮਾਣਾ ਜਿਹਾ ਦਾਅਵਾ ਹੈ ਕਿ ਮੈਂ ਸੰਸਾਰ ਦਾ ਨਾਟਕ ਸਾਹਿਤ ਬਹੁਤ ਪੜ੍ਹਿਆ ਹੈ ਤੇ ਉਨ੍ਹਾਂ ਵਿਚ ਨਾਟਕੀ ਅੰਸ਼ ਬਾਰੇ ਆਲੋਚਕਾਂ ਦੇ ਲੇਖ ਵੀ ਪੜ੍ਹਨ ਦਾ ਸ਼ੌਕ ਵੀ ਕਦੀ ਨਹੀਂ ਖੁੰਝਾਇਆ, ਇਸ ਲਈ ਮੈਂ ਯਤਨ ਕਰਦਾ ਹਾਂ ਕਿ ਮੇਰੇ ਨਾਟਕ ਨਾਟਕ-ਕਲਾ 'ਤੇ ਪੂਰੇ ਉਤਰਨ ਪਰ ਇਥੇ ਹੀ ਉਹ ਸੋਚ ਪ੍ਰਧਾਨ ਰਹਿੰਦੀ

ਹੈ ਕਿ ਇਹ ਨਾਟਕ ਸੌਖੇ ਤਰੀਕੇ ਨਾਲ ਮੰਚ 'ਤੇ ਖੇਡੇ ਜਾ ਸਕਣ। ਰੰਗਕਰਮੀ ਤੇ ਨਾਟਕਕਾਰ ਵਿਚਲਾ ਗੈਪ ਸ਼ਾਇਦ ਇਸੇ ਕਰਕੇ ਹੈ।

? ਕੁਝ ਸਮੇਂ ਤੋਂ ਤੁਸੀਂ ਕਹਾਣੀਆਂ ਦੇ ਰੂਪਾਂਤਰ ਬਹੁਤ ਕਰਨ ਲੱਗੇ ਹੋ, ਜਿਹੜੇ ਬਹੁਤ ਚੰਗੇ ਨਾਟਕ ਹਨ। ਰੂਪਾਂਤਰ ਕਰਨ ਪਿਛੇ ਕੀ ਭਾਵਨਾ ਹੈ।

• ਕੋਈ ਕਹਾਣੀ ਪੜ੍ਹਦੇ-ਪੜ੍ਹਦੇ ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਇਹ ਤਾਂ ਬੜਾ ਚੰਗਾ ਨਾਟਕ ਬਣ ਸਕਦਾ ਹੈ ਜਾਂ ਇਸ ਕਹਾਣੀ ਨੂੰ ਕਿਸੇ ਨਾਟਕ ਦਾ ਆਧਾਰ ਬਣਾਇਆ ਜਾ ਸਕਦਾ ਹੈ ਤਾਂ ਮੈਂ ਉਹਦਾ ਬਣਾਉਂਦਾ ਹਾਂ। ਭਾਵਨਾ ਇਹੀ ਹੈ ਕਿ ਇਕ ਚੰਗਾ ਪਲਾਟ ਬਨਿਆ ਬਣਾਇਆ ਮਿਲ ਜਾਂਦਾ ਹੈ। ਪਾਤਰ ਵੀ ਮਿਲ ਜਾਂਦੇ ਹਨ। ਇਹਦੇ ਨਾਲ ਕਾਫ਼ੀ ਮਿਹਨਤ ਬਚ ਜਾਂਦੀ ਹੈ। ਇਕ ਭਾਵਨਾ ਇਹ ਹੈ ਕਿ ਅਤੇ ਦੂਜੀ ਭਾਵਨਾ ਇਹ ਹੈ ਕਿ ਇਕ ਚੰਗੀ ਸਾਹਿਤਕ ਕ੍ਰਿਤ ਜਿਹੜੀ ਕੇਵਲ ਪਾਠਕਾਂ ਤਕ ਸੀਮਤ ਰਹਿਣੀ ਸੀ, ਉਹ ਹੁਣ ਵਿਸ਼ਾਲ ਜਨ-ਸਮੂਹ ਵਿਚ ਜਾ ਸਕੇਗੀ।

? ਤੁਹਾਡੀ ਰੂਪਾਂਤਰ ਦੀ ਕੀ ਪ੍ਰਕਿਰਿਆ ਹੈ।

• ਕਹਾਣੀ ਵਿਚ ਨਾਟਕੀ ਟੱਕਰ ਲੱਭਣੀ, ਜੇ ਨਾ ਹੋਵੇ ਤਾਂ ਆਪਣੇ ਕੋਲੋਂ ਕੋਈ ਪਾਤਰ ਪਾ ਕੇ ਵਾਰਤਾਲਾਪ ਪਾ ਕੇ ਇਸ ਟੱਕਰ ਨੂੰ ਉਭਾਰਨਾ ਹੈ। ਨਾਟਕ, ਕਹਾਣੀ, ਨਾਵਲ, ਸਾਹਿਤ ਦੇ ਵੱਖ-ਵੱਖ ਰੂਪ ਹਨ। ਇਸ ਨੂੰ ਦੂਜੇ ਵਿਚ ਬਦਲਣ ਲਈ ਉਚੇਚ ਕਰਨਾ ਪੈਂਦਾ ਹੈ।

? ਅਜਿਹੇ ਨਾਟਕਾਂ ਵਿਚੋਂ ਮੈਂ 'ਨਵਾਂ ਜਨਮ' ਖੇਡਿਆ ਵਿਚ ਮੈਂ ਸੋਚਿਆ ਕਿ ਮੂਲ ਕਹਾਣੀ ਪੜ੍ਹਾਂ ਕਿ ਕਿਤੇ ਸਰਵਮੀਤ ਦੀ ਕਹਾਣੀ ਹੀ ਏਡੀ ਵੱਡੀ ਕਹਾਣੀ ਤਾਂ ਨਹੀਂ ਕਿ ਏਨਾਂ ਚੰਗਾ ਨਾਟਕ ਆਪੇ ਪੈਦਾ ਹੋ ਗਿਆ ਹੋਵੇ। ਪਰ ਕਹਾਣੀ ਨਾਟਕ ਨਾਲੋਂ ਛੋਟੀ ਲੱਗੀ ਭਾਵ ਕਹਾਣੀ ਵਿਚ ਇਸ਼ਾਰਾ ਤਾਂ ਹੈ ਲੇਕਿਨ ਨਾਟਕ ਤੁਸੀਂ ਹੀ ਬਣਾਇਆ। ਇਸ ਬਾਰੇ ਕੀ ਕਹੋਗੇ।

• ਜਿਸ ਤਰ੍ਹਾਂ ਮੈਂ ਉਪਰ ਕਿਹਾ ਕਿ ਨਾਟਕ ਤਾਂ ਹੀ ਬਣਦਾ ਹੈ ਕਿ ਉਸ ਵਿਚ ਨਾਟਕੀ ਟੱਕਰ ਹੋਵੇ। ਨਾਟਕ ਵਿਚ ਮੈਂ ਇਹ ਨਾਟਕੀ ਟੱਕਰ ਉਭਾਰੀ ਅਤੇ ਉਹਦੇ ਸੁਨੇਹੇ ਨੂੰ ਸਪੱਸ਼ਟ ਕੀਤਾ। ਇਸੇ ਕਰਕੇ ਉਹ ਚੰਗਾ ਨਾਟਕ ਬਨਿਆ, ਕਹਾਣੀ ਦੇ ਰੂਪ ਵਿਚ ਇਨਾਂ ਦੀ ਲੋੜ ਨਹੀਂ ਸੀ। ਕਹਾਣੀ ਕਲਾ ਵਿਚ ਸੰਖੇਪਤਾ ਅਤੇ ਇਸ਼ਾਰੇ ਤੋਂ ਕੰਮ ਲਿਆ ਜਾਂਦਾ ਹੈ। ਕਹਾਣੀ ਵਿਚ ਇਹ ਮੌਜੂਦ ਹਨ। 'ਕਲਾਣ' ਆਪਣੀ ਥਾਂ ਚੰਗੀ ਕਹਾਣੀ ਅਤੇ 'ਨਵਾਂ ਜਨਮ' ਆਪਣੀ ਥਾਂ ਚੰਗਾ ਨਾਟਕ ਹੈ।

? ਰੂਪਾਂਤਰ ਵਿਚ ਕਈ ਵਾਰ ਕਹਾਣੀ/ਨਾਟਕਕਾਰ ਦਾ ਨਾਂ ਵਧੇਰੇ ਚਲਦਾ ਹੈ ਜਿਵੇਂ ਭੱਜੀਆਂ ਬਾਹਾਂ ਵਿਚ ਵਰਿਆਮ ਦਾ ਨਾਂ ਔਲਖ ਤੋਂ ਵੱਧ ਹੈ। ਲੇਕਿਨ ਕਈ ਵਾਰ ਨਾਟਕਕਾਰ ਦਾ ਨਾਂ ਵੱਧ ਜਿਵੇਂ ਤੁਹਾਡੇ ਰੂਪਾਂਤਰਾਂ ਵਿਚ ਤੁਹਾਡਾ ਨਾਂ ਜਾਂ ਮੰਟੋ ਦੀ ਕਹਾਣੀ 'ਟੋਬਾ ਟੇਕ ਸਿੰਘ' ਤੇ ਆਧਾਰਤ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ'

ਵਿਚ ਆਤਮਜੀਤ ਦਾ ਨਾਂ। ਇਸ ਬਾਰੇ ਕੀ ਕਹੋਗੇ।

• ਆਤਮਜੀਤ ਦੇ ਨਾਂ ਦਾ ਕਾਰਨ ਉਸਦੀ ਡੂੰਘੀ ਸੂਝ ਹੈ। 'ਟੋਬਾ ਟੇਕ ਸਿੰਘ' ਭਾਵੇਂ ਬੜੀ ਸ਼ਕਤੀਸ਼ਾਲੀ ਕਹਾਣੀ ਹੈ ਅਤੇ ਮੰਟੋ ਦੀ ਅਮਰ ਰਚਨਾ ਹੈ। ਪਰ ਆਤਮਜੀਤ ਨੂੰ ਇਸ ਨੂੰ ਬਰਾਬਰ ਦੇ ਕੱਦ ਵਾਲਾ ਨਾਟਕੀ ਰੂਪ ਦਿੱਤਾ ਹੈ। ਇਸ ਲਈ ਆਤਮਜੀਤ ਦੀ ਪੂਰੀ ਛਾਪ ਹੈ। ਮੈਂ ਕਹਾਣੀਆਂ ਨੂੰ ਰੰਗਮੰਚ ਦੇ ਅਨੁਸਾਰ ਢਾਲ ਸਕਿਆ ਹਾਂ ਇਸ ਕਰਕੇ ਉਨ੍ਹਾਂ ਉਤੇ ਮੇਰੇ ਨਾਂ ਦੀ ਛਾਪ ਹੈ। ਅਜਮੇਰ ਔਲਖ ਦੀਆਂ ਭਾਵੇਂ ਕਮਾਲ ਦੀਆਂ ਨਾਟਕੀ ਕ੍ਰਿਤਾਂ ਹਨ ਪਰ ਉਹਦਾ 'ਭੱਜੀਆਂ ਬਾਹੀਂ' ਨਾਟਕ ਉਨ੍ਹਾਂ ਸ਼ਕਤੀਸ਼ਾਲੀ ਨਹੀਂ ਬਣ ਸਕਿਆ। ਜਿੰਨੀ ਵਰਿਆਮ ਦੀ ਕਹਾਣੀ ਹੈ। ਇਸ ਕਰਕੇ 'ਭੱਜੀਆਂ ਬਾਹੀਂ' ਨਾਲ ਵਰਿਆਮ ਦਾ ਨਾਂ ਹੀ ਬਹੁਤ ਜੁੜਦਾ ਹੈ।

? ਰੂਪਾਂਤਰ ਮੂਲ ਲੇਖਕ ਦੇ ਨਾਂ 'ਤੇ ਹੋਵੇ ਜਾਂ ਰੂਪਾਂਤਰਕਾਰ ਦੇ ਨਾਂ 'ਤੇ।

• ਇਹ ਹੋਵੇਗਾ ਤਾਂ ਰੂਪਾਂਤਕਾਰ ਦੇ ਨਾਂ 'ਤੇ ਪਰ ਮੂਲ ਲੇਖਕ ਦਾ ਨਾਂ ਮੋਟੇ ਤੌਰ 'ਤੇ ਆਉਣਾ ਜ਼ਰੂਰੀ ਹੈ। ਇਹ ਸਾਹਿਤਕ ਨੈਤਿਕਤਾ ਦੀ ਮੰਗ ਹੈ।

? ਤੁਹਾਡੇ ਨਾਟਕ ਤੁਸੀਂ ਆਪ ਹੀ ਖੇਡੇ ਤੇ ਹੋਰਾਂ ਨੇ ਵੀ, ਤੁਹਾਨੂੰ ਕਿਸ ਤੋਂ ਵਧੇਰੇ ਸੰਤੁਸ਼ਟੀ ਹੋਈ।

• ਨਾਟਕਕਾਰ ਦੇ ਨਾਲ-ਨਾਲ ਮੈਂ ਆਪ ਹੀ ਰੰਗਕਰਮੀ ਹਾਂ। ਬਹੁਤ ਸਾਰੇ ਨਾਟਕ ਮੇਰੇ ਐਸੇ ਹਨ, ਜਿਨਾਂ ਵਿਚ ਮੈਂ ਆਪ ਇਕ ਪਾਤਰ ਹਾਂ, ਇਸ ਕਰਕੇ ਉਹ ਨਾਟਕ ਮੈਂ ਆਪ ਖੇਡਾਂ ਤੇ ਮੇਰੀ ਵੱਧ ਤਸੱਲੀ ਹੁੰਦੀ ਹੈ। ਪਰ ਹੁਣ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਐਸੇ ਨਿਰਦੇਸ਼ਕ ਅਤੇ ਅਦਾਕਾਰ ਮੌਜੂਦ ਹਨ ਜਿਹੜੇ ਮੇਰੇ ਲਿਖੇ ਪਾਤਰਾਂ ਨੂੰ ਵੱਧ ਡੂੰਘਾਈ ਅਤੇ ਸੂਝ ਨਾਲ ਖੇਡਦੇ ਹਨ। ਉਸ ਬਾਰੇ ਮੈਨੂੰ ਵੱਧ ਸੰਤੁਸ਼ਟੀ ਹੈ।

? ਨਾਟਕ ਤੇ ਰੰਗਮੰਚ ਦੇ ਰਿਸ਼ਤੇ ਬਾਰੇ ਕੀ ਵਿਚਾਰ ਰੱਖਦੇ ਹੋ।

• ਨਾਟਕ ਮੁੱਖ ਤੌਰ 'ਤੇ ਰੰਗਮੰਚੀ ਕਲਾ ਹੈ, ਉਹੀ ਨਾਟਕ ਸਫ਼ਲ ਕਿਹਾ ਜਾ ਸਕਦਾ ਹੈ ਜੋ ਰੰਗਮੰਚ ਦੇ ਖੇਡੇ ਜਾਣ ਯੋਗ ਹੋਵੇ, ਪਰ ਇਹ ਬਿਆਨ ਇਸ ਕਰਕੇ ਪੂਰਾ ਸੱਚ ਨਹੀਂ ਬਣਦਾ ਕਿਉਂਕਿ ਬਹੁਤ ਵਾਰ ਨਿਰਦੇਸ਼ਕ ਦੀ ਰੰਗਮੰਚੀ ਸੂਝ ਨਾਟਕਕਾਰ ਦੇ ਹਾਣ ਦੀ ਨਹੀਂ ਹੁੰਦੀ। ਬਹੁਤ ਵਾਰ ਨਿਰਦੇਸ਼ਕ ਕੋਲ ਉਹ ਸਾਧਨ ਨਹੀਂ ਹੁੰਦੇ ਜਿਨਾਂ ਬਾਰੇ ਨਾਟਕਕਾਰ ਨੇ ਨਾਟਕ ਲਿਖਣ ਵੇਲੇ ਕਲਪਨਾ ਕੀਤੀ ਹੁੰਦੀ ਹੈ। ਮੈਂ ਸੰਤ ਸਿੰਘ ਸੇਖੋਂ ਦੇ ਇਸ ਵੇਲੇ ਕਹੇ ਇਸ ਕਥਨ ਨਾਲ ਸਹਿਮਤ ਹਾਂ ਕਿ ਜੇਕਰ ਪੰਜਾਬ ਦੀ ਸਟੇਜ ਢਾਈ ਫੱਟਿਆਂ ਦੀ ਹੋਵੇ ਤਾਂ ਜ਼ਰੂਰੀ ਨਹੀਂ ਕਿ ਨਾਟਕਕਾਰ ਆਪਣੇ ਆਪ ਨੂੰ ਢਾਈ ਫੱਟਿਆਂ ਤਕ ਹੀ ਸੀਮਿਤ ਰੱਖੇ। ਸੋ ਕਿਸੇ ਨਾਟਕ ਬਾਰੇ ਇਹ ਫਤਵਾ ਵਰਤਣ ਲੱਗੇ ਬਹੁਤ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਰੰਗਮੰਚ ਦੇ ਯੋਗ ਨਹੀਂ। ਜੋ ਅੱਜ ਯੋਗ ਨਹੀਂ ਉਹ ਕੱਲ੍ਹ ਵਿਕਾਸ ਹੋਈ ਤਕਨੀਕ ਅਨੁਸਾਰ ਯੋਗ ਹੋ ਵੀ ਸਕਦਾ ਹੈ।

? ਕੀ ਆਪਣੇ ਥੀਏਟਰ ਨੂੰ ਵਿਲੱਖਣ ਸਮਝਦੇ ਹੋ।

- ਕਿਸੇ ਵੇਲੇ ਇਹ ਵਿਲੱਖਣ ਜ਼ਰੂਰ ਹੁੰਦਾ ਸੀ ਜਦੋਂ ਇਸ ਉਤੇ ਨਾਅਰੇ ਦਾ ਦੋਸ਼ ਲਗਦਾ ਸੀ। ਹੁਣ ਇਹ ਵਿਲੱਖਣ ਨਹੀਂ। ਹੁਣ ਤਾਂ ਮੰਨ ਲਿਆ ਗਿਆ ਹੈ ਕਿ ਨਾਟਕ ਜੇਕਰ ਸੁਨੇਹਾ ਦਿੰਦਾ ਹੈ ਤਾਂ ਕੋਈ ਦੋਸ਼ ਨਹੀਂ।

? ਤੁਸੀਂ ਪੰਜਾਬੀ ਥੀਏਟਰ ਦੀ ਲਹਿਰ ਉਸਾਰੀ-ਮਾੜੇ ਸਮਿਆਂ ਵਿਚ ਪਰੰਤੂ ਪਿਛਲੇ ਕੁਝ ਸਾਲਾਂ ਤੋਂ ਉਹ ਲਹਿਰ ਮੱਠੀ ਹੋਈ ਪਈ ਹੈ। ਇਸਦਾ ਕੀ ਕਾਰਨ ਹੈ।

- ਲਹਿਰ ਆਪਣੇ ਆਪ ਵਿਚ ਮੱਠੀ ਨਹੀਂ ਪਈ। ਮੰਚ ਦੀਆਂ ਪੰਜ ਟੀਮਾਂ ਪੂਰੀ ਤਰ੍ਹਾਂ ਸਰਗਰਮ ਹਨ। ਪਰ ਇਕ ਗੱਲ ਹੈ, ਲੋਕ ਗਾਇਕੀ ਦੇ ਮੇਲਿਆਂ ਦਾ ਬਹੁਤ ਚਰਚਾ ਹੋਣ ਕਰਕੇ ਨਾਟਕ ਸਮਾਗਮਾਂ ਦਾ ਉਹ ਚਰਚਾ ਨਹੀਂ ਜਾਂ ਕਿਸੇ ਹੱਦ ਤਕ ਉਹ ਮਕਬੂਲੀਅਤ ਵੀ ਨਹੀਂ, ਜੋ ਪਹਿਲੇ ਹੁੰਦੀ ਸੀ। ਅੱਜ ਲਗਦਾ ਹੈ ਕਿ ਨਾਟਕ ਕਲਾ ਕੈਸਟ ਕਲਚਰ ਅੱਗੇ ਮਾਤ ਪਾਈ ਹੋਈ ਹੈ ਪਰ ਇਹ ਬਿਲਕੁਲ ਆਰਜ਼ੀ ਸਥਿਤੀ ਹੈ। ਨਾਟਕ ਕਲਾ ਇਕ ਬੁਨਿਆਦੀ ਕਲਾ ਹੈ ਤੇ ਸਮਾਜ ਵਿਚ ਇਸਦਾ ਨਿਵੇਕਲਾ ਸਥਾਨ ਖੋਹਿਆ ਨਹੀਂ ਜਾ ਸਕਦਾ।

? ਹਰ ਸਥਾਪਤੀ ਨਾਲ ਵਿਰੋਧ ਰੱਖਣ ਵਾਲੇ ਤੁਸੀਂ ਪੰਜਾਬੀ ਸੰਗੀਤ ਨਾਟਕ ਦੇ ਪ੍ਰਧਾਨ ਵਜੋਂ ਸਰਕਾਰ ਦੀ ਫਰੰਟ ਤੋਂ ਪੇਂਡੂ ਥੀਏਟਰ ਲਹਿਰ ਵੀ ਚਲਾਉਂਦੇ ਰਹੇ ਹੋ। ਇਸ ਬਾਰੇ ਕੀ ਕਹੋਗੇ ?

- ਮੇਰਾ ਸਥਾਪਤੀ ਨਾਲ ਵਿਰੋਧ ਕਾਇਮ ਹੈ। ਮੈਂ ਸਥਾਪਤੀ ਦੇ ਵਿਰੋਧ ਵਿਚ ਹੀ ਸਰਕਾਰ ਦੇ ਸਭਿਆਚਾਰਕ ਕੰਮਾਂ ਲਈ ਰੱਖੇ ਫੰਡ ਨੂੰ ਅਵਾਮੀ ਥੀਏਟਰ ਵੱਲ ਮੋੜਨ ਦਾ ਯਤਨ ਕੀਤਾ ਹੈ ਤੇ ਇਹਦੇ ਲਈ ਹਰ ਪੱਧਰ 'ਤੇ ਸੰਘਰਸ਼ ਵੀ ਕੀਤਾ ਹੈ। ਆਪਣੀ ਪ੍ਰਧਾਨਗੀ ਦੇ ਤਿੰਨ ਸਾਲਾਂ (1991-94) ਵਿਚ ਮੈਂ ਕਿਸੇ ਸਰਕਾਰੀ ਅਕੈਡਮੀ ਵਲੋਂ 170 ਸਮਾਗਮ ਆਯੋਜਿਤ ਕੀਤੇ ਹਨ ਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕਿਸੇ ਵੀ ਥਾਂ ਸਥਾਪਤੀ ਨਾਲ ਸਮਝੌਤਾ ਕਰਨ ਦੀ ਲੋੜ ਨਹੀਂ ਪਈ।

? ਤੁਸੀਂ ਸਟੇਟ ਦੇ ਵਿਰੁਧ ਨਾਟਕ ਵੀ ਖੇਡਦੇ ਹੋ ਲੇਕਿਨ ਇਸ ਦੇ ਨਾਲ-ਨਾਲ ਥੀਏਟਰ ਲਈ ਸਰਕਾਰੀ ਸਰਪ੍ਰਸਤੀ ਦੇ ਹੱਕ ਵਿਚ ਵੀ ਹੈ। ਕੁਝ ਇਸ ਬਾਰੇ ਵਿਸਥਾਰ ਵਿਚ ਦੱਸੋਗੇ।

- ਇਸ ਵਿਸ਼ੇ 'ਤੇ ਗੱਲ ਕਰਦਿਆਂ ਮੈਂ ਅੱਜ ਦੀ ਸਟੇਟ ਦੀ ਜਟਿਲਤਾ ਬਾਰੇ ਕੋਈ ਅਕੈਦਮਿਕ ਬਹਿਸ ਨਹੀਂ ਕਰਨਾ ਚਾਹੁੰਦਾ ਤੇ ਨਾ ਹੀ ਸਟੇਟ ਅਤੇ ਥੀਏਟਰ ਦੇ ਆਪਸੀ ਰਿਸ਼ਤੇ ਬਾਰੇ ਪਿਛਲੇ ਇਤਿਹਾਸ ਦਾ ਕੋਈ ਜ਼ਿਕਰ ਕਰਨਾ ਚਾਹੁੰਦਾ ਹਾਂ। ਮੈਂ ਗੱਲ ਆਪਣੀ ਹੀ ਸਟੇਟ ਦੀ ਅਤੇ ਇਸ ਦੀ ਥੀਏਟਰ ਨਾਲ ਜਾਂ ਥੀਏਟਰ ਦੇ ਵਰਕਰਾਂ ਨਾਲ ਰਿਸ਼ਤੇ ਦੀ ਗੱਲ ਕਰਨਾ ਚਾਹੁੰਦਾ ਹਾਂ। 1955 ਵਿਚ ਕਾਂਗਰਸੀ ਪਾਰਟੀ ਦਾ ਸ਼ੈਸਨ ਅੰਮ੍ਰਿਤਸਰ ਹੋਇਆ ਤਾਂ ਮੈਨੂੰ ਵੀ ਉਥੇ ਇਕ ਸਰਕਾਰੀ ਅਦਾਰੇ

ਵਲੋਂ ਇਕ ਨਾਟਕ ਵੇਖਣ ਦਾ ਮੌਕਾ ਮਿਲਿਆ। ਇਹ ਇਕ ਪਿੰਡ ਦੀ ਕਹਾਣੀ ਸੀ। ਇਸ ਨਾਟਕ ਵਿਚ ਉਹ ਸਭ ਕੁਝ ਸੀ ਜੋ ਬਾਅਦ ਵਿਚ ਵੀਹ ਨੁਕਾਤੀ ਪ੍ਰੋਗਰਾਮ ਦਾ ਖਰੜਾ ਬਣਿਆ। ਇਸ ਨਾਟਕ ਬਣਤਰ ਸੀ, ਨਾਟਕੀ ਵਾਰਤਾਲਾਪ ਸੀ। ਮੈਂ ਕਹਾਂਗਾ ਕਿ ਉਸ ਵੇਲੇ ਇਹ ਉਸ ਸਟੇਟ ਦਾ ਥੀਏਟਰ ਸੀ,ਜਿਸ ਸਟੇਟ ਕੋਲ ਆਪਣੇ ਲੋਕਾਂ ਨੂੰ ਦੇਣ ਲਈ ਕੁਝ ਪਲੈਨ ਸੀ। ਮੇਰਾ ਕਹਿਣ ਦਾ ਮਤਲਬ ਹੈ ਕਿ ਪਬਲਿਕ ਰੀਲੇਸ਼ਨ ਦਾ ਨਾਟਕ ਹੁੰਦਿਆਂ ਹੋਇਆ ਵੀ ਇਕ ਚੰਗਾ ਥੀਏਟਰ ਸੀ। ਇਹ ਮੁੱਢਲੀ ਗੱਲ ਕਹਿ ਕੇ ਮੈਂ ਹੁਣ ਸਟੇਟ ਤੇ ਥੀਏਟਰ ਦੇ ਆਪਸੀ ਸੰਬੰਧ ਦੀ ਗੱਲ ਕਰਦਾ ਹਾਂ। ਥੀਏਟਰ ਸਰਗਰਮੀਆਂ ਨੂੰ ਦੋ ਹੈਡਿੰਗ ਥੱਲੇ ਵੰਡਿਆ ਜਾ ਸਕਦਾ ਹੈ : ਪਹਿਲਾ- ਉਹ ਥੀਏਟਰ ਜੋ ਸਟੇਟ ਦੀ ਸਰਪ੍ਰਸਤੀ ਥੱਲੇ ਚਲਦਾ ਹੈ ਜਾਂ ਕਹਿ ਲਵੋ ਕਿ ਸਟੇਟ ਦੇ ਪੈਸੇ ਜਾਂ ਸਟੇਟ ਦੇ ਪ੍ਰਬੰਧ ਦਾ ਮੁਹਤਾਜ ਹੈ। ਦੂਜਾ- ਉਹ ਥੀਏਟਰ ਜੋ ਸਟੇਟ ਦੀ ਸਰਪ੍ਰਸਤੀ ਦਾ ਮੁਹਤਾਜ ਨਹੀਂ। ਪੰਜਾਬ ਦੀ ਥੀਏਟਰ ਲਹਿਰ ਵਿਚ ਇਹ ਦੋਨੋਂ ਰੁਝਾਣ ਮਿਲਦੇ ਹਨ ਤੇ ਉਹ ਆਪਣੇ ਆਪਣੇ ਤਰੀਕੇ ਨਾਲ ਥੀਏਟਰ ਦਾ ਵਿਕਾਸ ਕਰ ਰਹੇ ਹਨ।

**(1) ਸਰਕਾਰੀ ਸਰਪ੍ਰਸਤੀ ਵਾਲਾ ਥੀਏਟਰ**

ਥੀਏਟਰ ਦੇ ਵਿਕਾਸ ਲਈ ਸਰਕਾਰੀ ਸਰਪ੍ਰਸਤੀ ਕੋਈ ਗੁਨਾਹ ਨਹੀਂ। ਸਰਕਾਰ ਦਾ ਪੈਸਾ ਵੀ ਲੋਕਾਂ ਦਾ ਹੀ ਪੈਸਾ ਹੈ, ਜੇਕਰ ਸਰਕਾਰ ਦਾ ਇਹ ਪੈਸਾ ਚੰਗੇ ਕੰਮਾਂ ਵਿਚ ਲੱਗ ਜਾਵੇ ਤਾਂ ਚੰਗੀ ਗੱਲ ਹੈ। ਸਰਕਾਰ ਦੀ ਸਰਪ੍ਰਸਤੀ ਵਾਲਾ ਜਾਂ ਕਹਿ ਲਵੋ ਸਰਕਾਰ ਦਾ ਆਪਣਾ ਇਕ ਥੀਏਟਰ ਸਰਕਾਰ ਦੀ ਜ਼ਰੂਰਤ ਦਾ ਹੈ ਤੇ ਇਹ ਥੀਏਟਰ ਕਾਇਮ ਰੱਖਣਾ ਸਰਕਾਰ ਦਾ ਹੱਕ ਵੀ ਹੈ। ਉਹ ਸਰਕਾਰ ਦੇ ਪ੍ਰਚਾਰ ਮਾਧਿਅਮ ਦਾ ਇਕ ਹਿੱਸਾ ਹੈ। ਇਹ ਭੈੜਾ ਥੀਏਟਰ ਵੀ ਹੋ ਸਕਦਾ ਹੈ ਤੇ ਚੰਗਾ ਥੀਏਟਰ ਵੀ ਹੋ ਸਕਦਾ ਹੈ। ਕੈਰੋਂ ਵੇਲੇ ਜਦੋਂ ਸਰਕਾਰ ਦੀ ਚੰਗੀ ਸਾਖ ਸੀ ਤਾਂ ਪਬਲਿਕ ਰੀਲੇਸ਼ਨਜ਼ ਦਾ ਥੀਏਟਰ ਵੀ ਸਾਰਥਕ ਸੀ। ਸਰਕਾਰ ਦੇ ਹਰ ਮਹਿਕਮੇ ਵਿਚ ਜਦੋਂ ਭ੍ਰਿਸ਼ਟਾਚਾਰ ਪ੍ਰਧਾਨ ਹੋ ਗਿਆ ਤਾਂ ਸਰਕਾਰ ਦੇ ਪਬਲਿਕ ਰਿਲੇਸ਼ਨਜ਼ ਮਹਿਕਮੇ ਤੋਂ ਕਿਸੇ ਚੰਗੇ ਕੰਮ ਦੀ ਆਸ ਨਹੀਂ ਰੱਖੀ ਜਾ ਸਕਦੀ ਸੀ। ਪਬਲਿਕ ਰੀਲੇਸ਼ਨਜ਼ ਦਾ ਥੀਏਟਰ ਸਟੇਟ ਦੀ ਨੌਕਰੀ ਕਰਦਾ ਹੈ, ਸਟੇਟ ਕੋਲੋਂ ਤਨਖਾਹ ਲੈਂਦਾ ਹੈ ਤੇ ਸਟੇਟ ਦੀ ਸੇਵਾ ਕਰਨਾ ਉਸਦਾ ਫਰਜ਼ ਹੈ। ਜੇ ਕਾਂਗਰਸ਼ੀਆਂ ਦਾ ਰਾਜ ਹੈ ਤਾਂ ਉਹ ਮਹਿਕਮਾ ਉਸ ਕਿਸਮ ਦਾ ਥੀਏਟਰ ਕਰੇਗਾ ਜੋ ਕਾਂਗਰਸ਼ ਦੀਆਂ ਨੀਤੀਆਂ ਨੂੰ ਮਾਫ਼ਕ ਆਉਂਦਾ ਹੋਵੇ। ਜੇ ਅਕਾਲੀਆਂ ਦਾ ਰਾਜ ਹੋਵੇਗਾ ਤਾਂ ਉਹ ਧਾਰਮਿਕ ਨਾਟਕਾਂ ਦੀ ਭਾਲ ਕਰੇਗਾ। ਸਮੇਂ ਦੀ ਹਕੂਮਤ ਦੀ ਸੇਵਾ ਕਰਨਾ ਉਸ ਥੀਏਟਰ ਦਾ ਖਾਸਾ ਹੈ, ਇਸ ਥੀਏਟਰ ਦੇ ਕੰਮ ਦਾ ਮੁਲਾਂਕਣ ਇਸ ਦ੍ਰਿਸ਼ਟੀ ਨਾਲ ਕਰਿਆ ਜਾਣਾ ਚਾਹੀਦਾ ਹੈ। ਪੰਜਾਬ ਦੀ ਥੀਏਟਰ ਹਿਸਟਰੀ ਵਿਚ 'ਲਾਈਟ ਐਂਡ ਸਾਊਂਡ' ਵਾਲਾ ਖੁੱਲ੍ਹਾ ਥੀਏਟਰ, ਇਸ ਥੀਏਟਰ ਦੀ ਦੇਣ ਹੈ। ਜਿਸ ਵਿਚ ਸਟੇਟ ਦੇ ਅਸੀਮ ਸਾਧਨਾਂ ਨੂੰ ਕਲਾਮਈ ਢੰਗ ਨਾਲ ਵਰਤਿਆ ਗਿਆ।

ਸਰਕਾਰੀ ਸਰਪ੍ਰਸਤੀ ਦਾ ਦੂਜਾ ਥੀਏਟਰ ਹੋਂਦ ਵਿਚ ਆਉਂਦਾ ਹੈ ਜਦੋਂ ਹੋਰ ਵਿਕਾਸ ਦੀਆਂ ਸਕੀਮਾਂ ਵਾਕੁਣ ਥੀਏਟਰ ਦਾ ਵਿਕਾਸ ਵੀ ਸਰਕਾਰੀ ਨੀਤੀ ਦਾ ਇਕ ਭਾਗ ਬਣ ਜਾਂਦਾ ਹੈ। ਯੂਨੀਵਰਸਿਟੀ ਥੀਏਟਰ ਵੀ ਇਸ ਸਿਰਲੇਖ ਥੱਲੇ ਆਉਂਦਾ ਹੈ ਸਰਕਾਰ ਦੇ ਪੈਸੇ ਨਾਲ ਵੱਖ-ਵੱਖ ਅਕੈਡਮੀਆਂ, ਮਹਿਕਮੇ ਤੇ ਕੇਂਦਰ ਖੋਲ੍ਹੇ ਜਾਂਦੇ ਹਨ। ਮੈਂ ਆਪ ਭਾਵੇਂ ਉਨ੍ਹਾਂ ਲੋਕਾਂ ਵਿਚੋਂ ਹਾਂ ਜੋ ਇਹ ਸਮਝਦੇ ਹਨ ਕਿ ਸਰਕਾਰ ਦੀ ਹਰ ਵਿਕਾਸ ਨੀਤੀ ਪਿੱਛੇ ਇਕ ਜਮਾਤੀ ਨਜ਼ਰੀਆਂ ਕੰਮ ਕਰ ਰਿਹਾ ਹੁੰਦਾ ਹੈ, ਪਰ ਮੈਨੂੰ ਇਹ ਮੰਨਣ ਤੋਂ ਕੋਈ ਇਨਕਾਰ ਨਹੀਂ ਥੀਏਟਰ ਦੇ ਵਿਕਾਸ ਵਿਚ ਇਸ ਕਿਸਮ ਦੀ ਸ੍ਰਪਰਸਤੀ ਦੀ ਦੇਣ ਨੂੰ ਛੁਟਿਆਇਆ ਨਹੀਂ ਜਾ ਸਕਦਾ। ਥੀਏਟਰ ਇਕ ਮਹਿੰਗਾ ਕਲਾ ਮਾਧਿਅਮ ਹੈ। ਨਾਟਕ ਦੀ ਤਿਆਰੀ ਲਈ ਅਤੇ ਉਨ੍ਹਾਂ ਨੂੰ ਦਰਸ਼ਕਾਂ ਤਕ ਪਹੁੰਚਾਉਣ ਲਈ ਜੋ ਸਾਧਨ ਚਾਹੀਦੇ ਹਨ, ਉਹ ਸਾਧਾਰਨ ਕਲਾਕਾਰਾਂ ਦੇ ਗਰੁੱਪਾਂ ਦੀ ਪਹੁੰਚ ਤੋਂ ਬਾਹਰ ਵਾਰ ਹੁੰਦੇ ਨੇ, ਇਸ ਲਈ ਥੀਏਟਰ ਦੇ ਵਿਕਾਸ ਲਈ ਇਕ ਕਿਸਮ ਦੀ ਸਰਪ੍ਰਸਤੀ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਹੋਣਾ ਗੈਰ ਯਥਾਰਥਕ ਹੋਵੇਗਾ।

ਸਰਕਾਰੀ ਸਰਪ੍ਰਸਤੀ ਦਾ ਤੀਜਾ ਥੀਏਟਰ ਹੈ ਜੋ ਜ਼ਮੀਰ ਫਰੋਸ਼ਾਂ ਦਾ ਥੀਏਟਰ ਹੈ। ਜਿਸ ਤਰ੍ਹਾਂ ਮੈਂ ਉਤੇ ਕਿਹਾ ਕਿ ਸੁਹਿਰਦ ਥੀਏਟਰ ਲਈ ਸਰਕਾਰ ਕੋਲੋਂ ਗ੍ਰਾਂਟ ਲੈਣ ਲਈ ਗੰਢਤੁੱਪ ਕਰਨੀ ਦੋ ਵੱਖਰੇ ਅਮਲ ਹਨ। ਸੰਬੰਧਤ ਅਧਿਕਾਰੀਆਂ ਲਈ ਦਾਰੂ ਪਾਰਟੀਆਂ ਕਰਨੀਆਂ, ਵਜ਼ੀਰਾਂ ਤੇ ਸਰਕਾਰੇ ਦੁਆਰੇ ਮੂੰਹ ਲਗਦੇ ਵਿਅਕਤੀਆਂ ਨੂੰ ਰਿਹਰਸਲਾਂ ਤੇ ਬੁਲਾਉਣਾ ਤੇ ਕੁੜੀਆਂ ਕਲਾਕਾਰਾਂ ਨੂੰ ਉਨ੍ਹਾਂ ਨਾਲ ਮਿਲਾਉਣਾ ਤੇ ਸ਼ਾਬਾਸ਼ ਦੇ ਬਹਾਨੇ ਉਨ੍ਹਾਂ ਨੂੰ ਕਲਾਵੇ ਵਿਚ ਲੈਣਾ ਇਹ ਸਭ ਗੰਢ ਤਰੁੱਪ ਦੀਆਂ ਕਾਰਵਾਈਆਂ ਹਨ। ਸਰਕਾਰੀ ਸਰਪ੍ਰਸਤੀ ਦਾ ਇਹੀ ਰੂਪ ਥੀਏਟਰ ਦੇ ਵਿਕਾਸ ਲਈ ਸਭ ਤੋਂ ਵੱਡਾ ਖ਼ਤਰਾਂ ਹੋਵੇਗਾ।

**(2) ਗੈਰ ਸਰਕਾਰੀ ਸਰਪ੍ਰਸਤੀ ਵਾਲਾ ਥੀਏਟਰ**

ਇਸ ਥੀਏਟਰ ਦੀਆਂ ਵੀ ਦੋ ਸਪੱਸ਼ਟ ਧਾਰਾਵਾਂ ਹਨ। ਇਕ ਧਾਰਾ ਤਾਂ ਉਹ ਹੈ ਜਾਂ ਉਸ ਵਿਚ ਉਹ ਲੋਕ ਆਂਦੇ ਹਨ ਜੋ ਆਪਣੇ ਥੀਏਟਰ ਦੇ ਸ਼ੌਕ ਨੂੰ ਪੂਰਾ ਕਰਨ ਲਈ ਸ਼ੌਕੀਆਂ ਨਾਟਕ ਗਰੁੱਪ ਬਣਾਉਂਦੇ ਹਨ। ਸਮਾਜ ਸੁਧਾਰ ਦੇ ਵਿਸ਼ੇ ਲੈ ਕੇ ਉਹ ਆਮ ਤੌਰ 'ਤੇ ਨਾਟਕ ਕਰਦੇ ਹਨ, ਆਪਸ ਵਿਚ ਫੰਡ ਪਾ ਕੇ ਜਾਂ ਦੋਸਤਾਂ ਮਿੱਤਰਾਂ ਕੋਲੋਂ ਫੰਡ ਇਕੱਠਾ ਕਰਕੇ ਉਹ ਆਪਣੇ ਖਰਚੇ ਪੂਰੇ ਕਰਦੇ ਹਨ। ਰਾਮ ਲੀਲਾ ਕਰਨ ਵਾਲੇ ਗਰੁੱਪ ਵੀ ਏਸੇ ਕੈਟਾਗਰੀ ਵਿਚ ਆਂਦੇ ਹਨ। ਬਹੁਤ ਥਾਂ 'ਤੇ ਇਹ ਗਰੁੱਪ ਚੰਗੇ ਨਿਰਦੇਸ਼ਕਾਂ ਥੱਲੇ ਥੀਏਟਰ ਦੇ ਵਿਕਾਸ ਲਈ ਚੰਗਾ ਕੰਮ ਕਰ ਰਹੇ ਹਨ। ਮੈਂ ਇਹ ਜ਼ਿਕਰ ਕਰਨਾ ਜ਼ਰੂਰੀ ਸਮਝਿਆ ਹੈ ਤਾਂ ਜੋ ਇਹ ਪ੍ਰਭਾਵ ਨਾ ਹੋਵੇ ਕਿ ਥੀਏਟਰ ਵਿਕਾਸ ਲਈ ਸਰਕਾਰੀ ਸਰਪ੍ਰਸਤੀ ਇਕ ਜ਼ਰੂਰੀ ਸ਼ਰਤ ਹੈ।

ਸਰਕਾਰੀ ਸਰਪ੍ਰਸਤੀ ਤੋਂ ਅਜ਼ਾਦ ਥੀਏਟਰ ਦੀ ਜੋ ਦੂਜੀ ਧਾਰਾ ਹੈ ਅਤੇ ਜੋ ਬਾਕੀ ਹਿੰਦੁਸਤਾਨ ਵਿਚ ਵੀ ਅਤੇ ਖਾਸ ਕਰਕੇ ਪੰਜਾਬ ਵਿਚ ਬੜੇ ਸਰਗਰਮ ਹੈ ਉਹ ਬਹੁਤਾ

ਕਰਕੇ ਸਿਆਸੀ ਜਾਂ ਅਵਾਮੀ ਥੀਏਟਰ ਹੈ ਅਤੇ ਆਮ ਤੌਰ 'ਤੇ ਉਹ ਸਟੇਟ ਵਿਰੋਧੀ ਹੈ। ਇਸ ਥੀਏਟਰ ਨੂੰ ਅਸੀਂ 'ਡਾਇਲੈਕਟੀਕਲ ਥੀਏਟਰ' ਕਹਿੰਦੇ ਹਾਂ। ਇਹਦੇ ਵਿਕਾਸ ਦੇ ਆਪਣੇ ਕਿਸਮ ਹਨ ਅਤੇ ਆਪਣੇ ਹੀ ਰੂਪ ਹਨ। ਇਹਦੇ ਲਕਸ਼ ਹਨ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਹੱਕਾਂ ਬਾਰੇ ਚੇਤੰਨ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ ਜਾਵੇ। ਇਹ ਥੀਏਟਰ ਉਡੀਕ ਨਹੀਂ ਕਰ ਸਕਦਾ ਕਿ ਲੋਕ ਉਹਦੇ ਤਕ ਚਲ ਕੇ ਆਉਣ। ਇਸ ਲਈ ਉਹਨੇ ਇਸੇ ਰੂਪ ਅਪਣਾਉਣੇ ਹਨ ਕਿ ਉਹ ਲੋਕਾਂ ਤਕ ਚਲ ਕੇ ਜਾ ਸਕੇ। ਇਹਦੇ ਲਈ ਉਹਦੀ ਮੋਬੀਲਿਟੀ ਬਹੁਤ ਆਸਾਨ ਹੋਣੀ ਚਾਹੀਦੀ ਹੈ। ਸਮਾਨ ਥੋੜ੍ਹਾਂ ਹੋਣਾ ਚਾਹੀਦਾ ਹੈ। ਪਾਤਰ ਥੋੜ੍ਹੇ ਹੋਣੇ ਚਾਹੀਦੇ ਹਨ। ਵਿਸ਼ਿਆਂ ਦੀ ਚੋਣ ਕਿਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਉਹ ਲੋਕਾਂ ਦੇ ਆਪਣੇ ਮਸਲੇ ਹੋਣ। ਗਲੀਆਂ ਦਾ ਥੀਏਟਰ (ਸਟਰੀਟ ਥੀਏਟਰ) ਇਸ ਵਿਚਾਰਧਾਰਾ ਦੀ ਥੀਏਟਰ ਨੂੰ ਦੇਣ ਹੈ।

**ਨਿਰਣਾਇਕ ਗੱਲਾਂ:**

ਥੀਏਟਰ ਇਕ ਸ਼ਕਤੀਸ਼ਾਲੀ ਮਾਧਿਅਮ ਹੈ ਅਤੇ ਜਦੋਂ ਅਸੀਂ ਸਟੇਟ ਅਤੇ ਥੀਏਟਰ ਦੇ ਆਪਸੀ ਰਿਸ਼ਤੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਥੀਏਟਰ ਦੀਆਂ ਦੋ ਧਾਰਨਾਵਾਂ ਨਾਲ-ਨਾਲ ਚਲਣਗੀਆਂ। ਸਰਕਾਰੀ ਸਰਪ੍ਰਸਤੀ ਵਾਲਾ ਸਰਕਾਰ ਪੱਖੀ ਥੀਏਟਰ ਅਤੇ ਸਰਕਾਰ ਵਿਰੋਧੀ ਥੀਏਟਰ। ਇਨਾਂ ਦੇ ਵਿਸ਼ੇ ਤੇ ਇਨਾਂ ਦੇ ਰੂਪ ਵੱਖ-ਵੱਖ ਹੋਣਗੇ। ਸਰਕਾਰੀ ਸਰਪ੍ਰਸਤੀ ਵਾਲਾ ਥੀਏਟਰ ਉਹ ਵਿਸ਼ਾ ਚੁਣੇਗਾ ਕਿ ਲੋਕਾਂ ਨੂੰ ਉਨ੍ਹਾਂ ਦੀਆਂ ਤਕਲੀਫ਼ਾਂ ਦਾ ਅਹਿਸਾਸ ਨਾ ਹੋਵੇ ਸਗੋਂ ਉਨ੍ਹਾਂ ਨੂੰ ਐਸੀ ਗੁੜਤੀ ਦਿੱਤੀ ਜਾਏ ਕਿ ਉਨ੍ਹਾਂ ਨੂੰ ਤਕਲੀਫ਼ਾਂ ਭੁੱਲ ਜਾਣ। ਮਾਸ਼ੂਕਾਂ ਦੀ ਖਾਤਰ ਮੱਝੀਆਂ ਚਾਰਨ ਵਾਲੇ, ਪੱਟ ਚੀਰ ਕੇ ਮਾਸ ਖਆਉਣ ਵਾਲੇ, ਮਾਸ਼ੂਕਾਂ ਦੇ ਭਰਾਵਾਂ ਹੱਥੋਂ ਮਰਨ ਵਾਲੇ ਉਨ੍ਹਾਂ ਦੇ ਨਾਇਕ ਹੋਣਗੇ। ਉਹ ਆਪਣੇ ਵਿਸ਼ਿਆਂ ਵਿਚ ਪਰੰਪਰਾ ਦੀ ਗੱਲ ਬਹੁਤੀ ਕਰਨਗੇ, ਅੱਜ ਦੀ ਗੱਲ ਥੋੜੀ ਕਰਨਗੇ।

? ਤੁਸੀਂ ਮਨੁੱਖੀ ਰਿਸ਼ਤਿਆਂ ਦੀ ਜਟਿਲਤਾ ਦੇ ਨਾਟਕ ਵੀ ਲਿਖੇ ਹਨ ਜਿਵੇਂ 'ਬੰਦ ਕਮਰੇ' ਆਦਿ। ਕੀ ਹੁਣ ਵੀ ਅਜਿਹੇ ਨਾਟਕ ਲਿਖ ਰਹੇ ਹੋ।

• ਕੁਝ ਖਾਸ ਹਾਲਤਾਂ ਵਿਚ ਕੋਈ ਖ਼ਬਰ ਪੜ੍ਹਨ ਤੋਂ ਬਾਅਦ ਜਾਂ ਕੋਈ ਸਾਹਿਤ ਕ੍ਰਿਤ ਪੜ੍ਹਨ ਤੋਂ ਬਾਅਦ ਮਨ ਵਿਚ ਇਕ ਪ੍ਰਤੀਕਰਮ ਹੁੰਦਾ ਹੈ ਤੇ ਇਹੋ ਜਿਹੀ ਕਲਾ ਕਿਰਤ ਜਨਮ ਲੈਂਦੀ ਹੈ। ਇਹ ਅਮਲ ਅੱਗੇ ਲਈ ਵੀ ਜਾਰੀ ਰਹਿ ਸਕਦਾ ਹੈ।

? ਕੀ ਤੁਹਾਡਾ ਜੀਅ ਨਹੀਂ ਕਰਦਾ ਕਿ ਮੈਂ ਨਾਟਕ ਹੀ ਲਿਖਾਂ ਤੇ ਨਾਟਕਕਾਰ ਦੇ ਤੌਰ 'ਤੇ ਵੱਡਾ ਨਾਂ ਹੋਵੇ।

• ਸਭਿਆਚਾਰਕ ਖੇਤਰ ਵਿਚ ਬਹੁਤ ਸਾਰੀਆਂ ਜਥੇਬੰਦਕ ਜ਼ਿੰਮੇਵਾਰੀ ਤੋਂ ਮੈਂ ਹੋਲੇ ਹੋਲੇ ਸੁਰਖਰੂ ਹੋ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਪੜ੍ਹਣ ਅਤੇ ਫੇਰ ਲਿਖਣ ਲਈ ਸਮਾਂ ਬਹੁਤ ਮਿਲੇਗਾ ਤੇ ਉਹ ਸਭ ਕੁਝ ਲਿਖ ਸਕਾਂਗਾ ਜਿਸ ਬਾਰੇ ਮੈਂ ਆਪਣੀ

ਸੋਚ ਬਣਾਈ ਹੈ। ਚੰਗਾ ਲਿਖਿਆ ਗਿਆ ਤਾਂ ਆਪੇ ਨਾਂ ਹੋ ਜਾਂਦਾ ਹੈ। ਇਹ ਦੇ ਵਾਸਤੇ ਉਚੇਚ ਦੀ ਲੋੜ ਨਹੀਂ ਹੁੰਦੀ।

? ਸ਼ੌਹਰਤ ਨੂੰ ਕਿਵੇਂ ਲੈਂਦੇ ਹੋ।

• ਮੈਂ ਹਰ ਜ਼ਿੰਮੇਵਾਰੀ ਨੂੰ ਫਰਜ਼ ਸਮਝ ਕੇ ਨਿਭਾਉਣ ਦਾ ਯਤਨ ਕਰਦਾ ਹਾਂ। ਸ਼ੌਹਰਤ ਉਹਦੇ ਲਈ ਕੋਈ ਮਹੱਤਤਾ ਨਹੀਂ ਰੱਖਦੀ, ਪਰ ਇਹ ਵੀ ਮੇਰਾ ਤਜ਼ਰਬਾ ਹੈ ਕਿ ਸ਼ੌਹਰਤ ਆਪਣੇ ਆਪ ਹੋ ਜਾਂਦੀ ਹੈ।

? ਕੋਈ ਇਨਾਮ ਮਿਲਦਾ ਹੈ ਤਾਂ ਕਿਹੋ ਜਿਹਾ ਲਗਦਾ ਹੈ ?

• ਚੰਗਾ ਲਗਦਾ ਹੈ।

? ਪੰਜਾਬੀਆਂ ਨੇ ਤੁਹਾਨੂੰ ਹੀਰੋ ਬਣਾਇਆ, ਇਸ ਬਾਰੇ ਕਿ ਪ੍ਰਤੀਕਿਰਿਆ ਹੈ।

• ਜ਼ਿੰਮੇਵਾਰੀਆਂ ਦਾ ਅਹਿਸਾਸ ਵਧਾਇਆ ਹੈ।

? ਤੁਸੀਂ ਕਦੇ ਕਿਹਾ ਕਿ ਮੇਰਾ ਅਸਲੀ ਖੇਤਰ ਰਾਜਨੀਤੀ ਹੈ, ਕਲਾ ਨਹੀਂ, ਇਸ ਬਾਰੇ ਹੁਣ ਕੀ ਰਾਏ ਹੈ ?

• ਹੁਣ ਵੀ ਇਹੋ ਰਾਏ ਹੈ, ਭਾਵੇਂ ਮੈਨੂੰ ਇਹ ਵੀ ਅਹਿਸਾਸ ਹੋ ਗਿਆ ਕਿ ਮੈਂ ਆਪਣੀ ਰਾਜਨੀਤੀ ਦੀ ਕਲਾ ਦੇ ਮਾਧਿਅਮ ਰਾਹੀਂ ਬਹੁਤੀ ਸੇਵਾ ਕਰ ਸਕਦਾ ਹਾਂ ਕਿਉਂਕਿ ਮੇਰੀ ਕਲਾ ਅਤੇ ਰਾਜਨੀਤੀ ਦਾ ਇਕੋ ਹੀ ਨਿਸ਼ਾਨਾ ਹੈ ਕਿ ਲੋਕਾਂ ਨੂੰ ਜਾਗ੍ਰਿਤ ਕਰਕੇ ਸਮਾਜਿਕ ਇਨਸਾਫ਼ ਲਈ ਸੰਘਰਸ਼ ਲਈ ਪ੍ਰੇਰਨਾ ਹੈ।

? ਰਾਜਨੀਤੀ ਵਾਲੇ ਫਰੰਟ 'ਤੇ ਤੁਸੀਂ ਕਾਮਯਾਬ ਨਹੀਂ ਹੋਏ। ਇਨਕਲਾਬ ਏਕਤਾ ਕੇਂਦਰ ਚਲ ਨਹੀਂ ਸਕਿਆ। ਕੀ ਇੰਝ ਨਹੀਂ ਲਗਦਾ ਕਿ ਤੁਹਾਡਾ ਅਸਲੀ ਫਰੰਟ ਕਲਾ ਹੀ ਹੈ-ਰਾਜਨੀਤੀ ਨਹੀਂ।

• ਇਨਕਲਾਬੀ ਏਕਤਾ ਕੇਂਦਰ ਦੀ ਜ਼ਿੰਮੇਵਾਰੀ ਮੈਨੂੰ ਖਾਸ ਹਾਲਾਤਾਂ ਵਿਚ ਸਾਂਭਣੀ ਪਈ ਸੀ। ਉਸ ਵੇਲੇ ਵੀ ਮੈਂ ਆਪਣਾ ਕਲਾ ਵਾਲਾ ਫਰੰਟ ਤਿਆਗਿਆ ਨਹੀਂ ਸੀ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਮੈਂ ਆਪਣੇ ਲੋਕਾਂ ਵਲ ਆਪਣਾ ਫਰਜ਼ ਕਲਾ ਦੇ ਰਾਹੀਂ ਵੱਧ ਚੰਗੇ ਤਰੀਕੇ ਨਾਲ ਨਿਭਾ ਸਕਦਾ ਹਾਂ।

? ਜੀਵਨ ਦਾ ਕੋਈ ਅਜਿਹਾ ਸਪਨਾ ਜੋ ਅਧੂਰਾ ਹੋਵੇ।

• ਕਾਲਜ ਪੜ੍ਹਦਿਆਂ ਮੈਂ ਅਜ਼ਾਦੀ ਦੀ ਲੜਾਈ ਵਿਚ ਕੁੱਦਿਆ ਸੀ ਕਿ ਅਜ਼ਾਦੀ ਤੋਂ ਬਾਅਦ ਅਸੀਂ ਇਕ ਸਮਾਜ ਬਣਾਵਾਂਗੇ ਜਿਸ ਵਿਚ ਸਮਾਜਕ ਇਨਸਾਫ਼ ਮੁੱਖ ਲੱਛਣ ਹੋਵੇਗਾ। ਉਹ ਸਪਨਾ ਸੀ ਜੋ ਪੂਰਾ ਨਹੀਂ ਸੀ ਹੋਇਆ। ਨਿੱਜੀ ਤੌਰ 'ਤੇ ਕੋਈ ਐਸਾ ਸੁਪਨਾ ਨਹੀਂ ਜੋ ਪੂਰਾ ਨਾ ਹੋਇਆ ਹੋਵੇ।

? ਜੀਵਨ ਦੀ ਕੋਈ ਖੁਸ਼ਨੁਮਾ ਘਟਨਾ ਸੁਣਾਓ।

• 1957 ਵਿਚ ਨੰਗਲ ਵਿਚ ਪਹਿਲਾ ਡਰਾਮਾ ਜਿਸ ਵਿਚ ਆਪ ਅਦਾਕਾਰੀ ਕੀਤੀ, ਉਹ ਕਰਤਾਰ ਸਿੰਘ ਦੁੱਗਲ ਦਾ 'ਦੀਵਾ ਬੁੱਝ ਗਿਆ' ਸੀ। ਉਸ ਨਾਟਕ ਵਿਚ ਇਸ ਅਦਾਕਾਰੀ ਦੀ ਸਫਲਤਾ ਨੇ ਅਹਿਸਾਸ ਦਿਵਾਇਆ ਕਿ ਮੈਂ ਇਸ ਖੇਤਰ

ਵਿਚ ਕੁਝ ਕਰ ਸਕਾਂਗਾ। ਇਹ ਮੇਰੇ ਲਈ ਹਮੇਸ਼ਾਂ ਯਾਦ ਰਹਿਣ ਵਾਲੀ ਖੁਸ਼ਨੁਮਾ ਘਟਨਾ ਸੀ।

? ਕੋਈ ਉਦਾਸ ਕਰਨ ਵਾਲੀ ਗੱਲ ਵੀ ਹੋਈ।

• ਮੈਂ ਆਪਣੀ ਜ਼ਿੰਦਗੀ ਦੀ ਸਾਰਿਆਂ ਨਾਲੋਂ ਵੱਧ ਉਦਾਸੀ ਉਸ ਵੇਲੇ ਭੋਗੀ ਹੈ ਜਦੋਂ ਸੁਮੀਤ ਦੀ 22 ਫਰਵਰੀ, 1984 ਦਹਿਸ਼ਤਗਰਦਾਂ ਦੇ ਹੱਥੋਂ ਮੌਤ ਹੋ ਗਈ। ਮੈਂ ਪੂਰਾ ਦਿਨ ਅਤੇ ਰਾਤ ਆਪਣੇ ਘਰ ਬੈਚੇਨੀ ਵਿਚ ਰਿਹਾ ਕਿ ਅਸੀਂ ਕਿਹੋ ਜਿਹੇ ਸਮਾਜ ਵਿਚ ਰਹਿ ਰਹੇ ਹਾਂ। ਮੇਰੀ ਇਕ ਛੋਟੀ ਜਿਹੀ ਕਹਾਣੀ ਹੈ 'ਹਿਟ ਲਿਸਟ' ਇਹ ਉਸੇ ਦਿਨ ਦੀ ਦੇਣ ਹੈ। ਮੇਰੀ ਉਦਾਸੀ ਫਿਰ ਰੋਹ ਵਿਚ ਬਦਲੀ ਹੈ।

? ਜ਼ਿੰਦਗੀ ਵਿਚ ਕੋਈ ਵਿਅਕਤੀ ਜੀਹਨੇ ਪ੍ਰੇਰਿਤ ਕੀਤਾ ਹੋਵੇ।

• ਨੌਵੀਂ-ਦਸਵੀਂ ਵਿਚ ਖਾਲਸਾ ਕਾਲਜ ਸਕੂਲ ਪੜ੍ਹਦਿਆਂ ਡਰਾਇੰਗ ਮਾਸਟਰ ਕਿਹਰ ਸਿੰਘ ਹੋਰਾਂ ਦੀ ਸ਼ਖਸੀਅਤ ਨੇ ਮੈਨੂੰ ਪ੍ਰਰਿਤ ਕੀਤਾ। ਕੋਈ ਵੀ ਕੰਮ ਜੇਕਰ ਲਗਨ ਨਾਲ ਕੀਤਾ ਜਾਏ ਤਾਂ ਉਹ ਬੜੀ ਖੁਸ਼ੀ ਅਤੇ ਤਸੱਲੀ ਦਿੰਦਾ ਹੈ। ਇਹ ਕਥਨ ਉਨ੍ਹਾਂ ਦੀ ਹੀ ਦੇਣ ਸੀ।

? ਤੁਹਾਡੇ ਬਲਰਾਜ ਸਾਹਨੀ ਹੁਰਾਂ ਨਾਲ ਨੇੜਲੇ ਸੰਬੰਧ ਰਹੇ। ਤੁਸੀਂ ਆਪਣੇ ਪ੍ਰਕਾਸ਼ਨ ਦਾ ਨਾਂ ਵੀ ਉਨ੍ਹਾਂ ਦੇ ਨਾਂ 'ਤੇ ਰੱਖਿਆ ਹੋਇਆ ਹੈ। ਇਸ ਸਾਂਝ ਬਾਰੇ ਕੁਝ ਦਸੋਗੇ।

• ਮੈਂ 1960 ਵਿਚ ਉਹਦੇ ਸੰਪਰਕ ਵਿਚ ਆਇਆ ਸੀ, ਜਦੋਂ ਉਹ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਪੇਸ਼ ਕੀਤੇ ਗਏ ਨਾਟਕ ਵੇਖਣ ਲਈ ਅੰਮ੍ਰਿਤਸਰ ਆਇਆ ਸੀ। ਉਹ ਮੇਰੇ ਨਾਟਕਾਂ ਤੋਂ ਪ੍ਰਭਾਵਿਤ ਹੋਇਆ। ਮੈਨੂੰ ਉਹਦੀਆਂ ਕੁਝ ਫਿਲਮਾਂ, ਵਿਸ਼ੇਸ਼ ਕਰਕੇ 'ਦੋ ਬੀਘਾ ਜ਼ਮੀਨ' ਪਸੰਦ ਸਨ। ਮਗਰੋਂ ਅਸੀਂ ਦੋਵੇਂ ਹੀ ਇਪਟਾ ਨਾਲ ਜੁੜ ਗਏ। ਉਹ ਰੰਗਮੰਚ ਦਾ ਇਕ ਗੰਭੀਰ ਅਤੇ ਵਚਨਬੱਧ ਅਦਾਕਾਰ ਸੀ। ਸਭ ਤੋਂ ਵੱਧ ਕੇ, ਉਹਦੇ ਵਿਚ ਅਥਾਹ ਮਨੁੱਖੀ ਗੁਣ ਸਨ। ਉਦਾਹਰਣ ਵਜੋਂ, ਪੰਜਾਬੀ ਬੋਲੀ ਪ੍ਰਤੀ ਉਹਦਾ ਪਿਆਰ ਅਤਿਅੰਤ ਸੁਹਿਰਦਤਾ ਭਰਿਆ ਸੀ। ਅੱਜ ਬਲਰਾਜ ਦਾ ਵਿਗੋਚਾ ਬਹੁਤ ਮਹਿਸੂਸ ਕਰਦਾ ਹਾਂ।

? ਕੋਈ ਆਦਰਸ਼ ਜੋ ਸਭ ਤੋਂ ਵੱਡਾ ਹੋਵੇ।

• ਮੈਂ ਸਭ ਤੋਂ ਵੱਡਾ ਇਕੋ ਹੀ ਆਦਰਸ਼ ਅਪਣਾਇਆ ਹੈ ਕਿ ਸਮਾਜਕ ਇਨਸਾਫ਼ ਵਾਲੇ ਸਮਾਜ ਨੂੰ ਬਣਾਉਣ ਵਿਚ ਆਪਣਾ ਯੋਗਦਾਨ ਪਾਵਾਂ।

? ਤੁਹਾਡੇ ਕੰਮ ਵਿਚ ਪਰਿਵਾਰ ਦਾ ਸਹਿਯੋਗ ਕੈਸਾ ਰਿਹਾ।

• ਪਰਿਵਾਰ ਦਾ ਹਮੇਸ਼ਾਂ ਹੀ ਬੜਾ ਸਹਿਯੋਗ ਰਿਹਾ ਹੈ।

? ਸਾਹਿਤ/ਕਲਾ ਖੇਤਰ ਵਿਚ ਤੁਹਾਡਾ ਵਾਰਿਸ ਕੌਣ ਹੈ।

• ਮੈਂ ਵਾਰਿਸ ਵਾਲੀ ਗੱਲ ਤਾਂ ਕਦੇ ਸੋਚੀ ਨਹੀਂ। ਪਰ ਉਹ ਸਾਰੇ ਸਾਹਿਤਕਾਰ/ਕਲਾਕਾਰ ਜੋ ਲੋਕ ਪੱਖੀ ਆਦਰਸ਼ ਨਾਲ ਸਾਹਿਤ ਅਤੇ ਕਲਾ ਖੇਤਰ ਵਿਚ ਕੰਮ ਕਰ ਰਹੇ ਹਨ, ਮੈਂ ਉਨ੍ਹਾਂ ਨੂੰ ਆਪਣਾ ਵਾਰਿਸ ਹੀ ਸਮਝਦਾ ਹਾਂ।

? ਆਮ ਤੌਰ 'ਤੇ ਵੱਡੇ ਲੋਕ ਆਪਣੇ ਆਪ ਤੋਂ ਬਾਅਦ ਕਿਸੇ ਨੂੰ ਘੱਟ ਹੀ ਸਵਿਕਾਰਦੇ ਹਨ। ਤੁਸੀਂ ਇਸ ਬਾਰੇ ਕੀ ਕਹੋਗੇ।

• ਹਰ ਕਿਸੇ ਨੇ ਆਪਣੀ ਬਣਦੀ ਸਰਦੀ ਭੂਮਿਕਾ ਨਿਭਾਉਣੀ ਹੁੰਦੀ ਹੈ। ਨਿੱਜੀ ਤੌਰ 'ਤੇ ਮੈਨੂੰ ਆਪਣੀਆਂ ਸੀਮਾਵਾਂ ਪਤਾ ਹਨ ਤੇ ਮੈਂ ਆਪਣੇ ਤੋਂ ਛੋਟਿਆਂ ਦੇ ਕੰਮ ਨੂੰ ਪੂਰੀ ਤਰ੍ਹਾਂ ਸਵੀਕਾਰਦਾ ਵੀ ਹਾਂ ਅਤੇ ਉਨ੍ਹਾਂ ਦੀ ਪ੍ਰਸੰਸਾ ਵੀ ਕਰਦਾ ਹਾਂ।

? ਤੁਸੀਂ ਆਤਮਜੀਤ, ਔਲਖ, ਸਿੱਧੂ ਦੇ ਨਾਲ-ਨਾਲ ਤੀਜੀ ਪੀੜ੍ਹੀ ਦੇ ਸਨਮਾਨਿਤ ਨਾਟਕਕਾਰ ਹੋ, ਆਪਣੇ ਸਮਕਾਲੀਆਂ ਬਾਰੇ ਕੀ ਰਾਏ ਹੈ।

• ਮੈਂ ਉਨ੍ਹਾਂ ਦਾ ਪੂਰਾ ਸਨਮਾਨ ਕਰਦਾ ਹਾਂ ਤੇ ਸਮਝਦਾ ਹਾਂ ਕਿ ਉਹ ਆਪਣੀ ਆਪਣੀ ਨਾਟ ਸ਼ੈਲੀ ਵਿਚ ਬਹੁਤ ਚੰਗਾ ਕੰਮ ਕਰ ਰਹੇ ਹਨ। ਅਜਮੇਰ ਔਲਖ ਨੇ 'ਬੇਗਾਨੇ ਬੋਹੜ ਦੀ ਛਾਂ' ਇਕ ਕਲਾਸੀਕਲ ਕ੍ਰਿਤ ਪੰਜਾਬੀ ਥੀਏਟਰ ਨੂੰ ਦਿੱਤੀ ਹੈ। ਆਤਮਜੀਤ ਨੇ ਪੰਜਾਬੀ ਥੀਏਟਰ ਨੂੰ ਡੂੰਘਾਈ ਤੇ ਸੂਝ ਪ੍ਰਦਾਨ ਕੀਤੀ ਹੈ। ਸਿੱਧੂ ਦੀ ਪੇਂਡੂ ਜ਼ਿੰਦਗੀ ਬਾਰੇ ਡੂੰਘੀ ਜਾਣਕਾਰੀ ਤੇ ਉਸ ਜ਼ਿੰਦਗੀ ਲਈ ਮੈਂ ਉਹ ਨਾਟਕਾਂ ਨੂੰ ਸ਼ਕਤੀਸ਼ਾਲੀ ਮੰਨਦਾ ਹਾਂ। ਉਂਜ ਮੈਂ ਮਹਿਸੂਸ ਕਰਦਾ ਹਾਂ ਕਿ ਸਮੇਂ ਨਾਲ ਉਨ੍ਹਾਂ ਦੀ ਕਲਾ ਵਿਚ ਖੜੋਤ ਆਉਣ ਦਾ ਖ਼ਦਸ਼ਾ ਹੈ।

? ਨਵੀਂ ਪੀੜ੍ਹੀ ਵਿਚ ਕਿਸ ਨਾਟਕਕਾਰ ਤੋਂ ਆਸਾਂ ਹਨ।

• ਨਾਟਕ ਲੇਖਣ ਵਿਚ ਪਾਲੀ ਭੁਪਿੰਦਰ ਵਿਚ ਬੜੀ ਸੰਭਾਵਨਾ ਹੈ। ਨਾਟਕ ਪੇਸ਼ਕਾਰੀ ਵਿਚ ਕੇਵਲ ਧਾਲੀਵਾਲ ਕੋਲੋਂ ਬੜੀਆਂ ਆਸ਼ਾਵਾਂ ਹਨ। ਨਿਰਦੇਸ਼ਕਾਂ ਵਿਚ ਕੁਮਾਰ ਪਵਨਦੀਪ ਅਤੇ ਅਦਾਕਾਰੀ ਵਿਚ ਹਰਦੀਪ ਗਿੱਲ ਅਤੇ ਅਰਵਿੰਦਰ ਕੌਰ ਕੋਲੋਂ ਆਸ਼ਾਂ ਹਨ। ਟੋਨੀ ਬਾਤਿਸ਼ ਵੀ ਹੁਣ ਆਸ਼ਾ ਬਣਦਾ ਹੈ। ਉਹ ਸੂਝ ਵਾਲਾ ਨਾਟਕਕਾਰ ਹੈ।

? ਕੀ ਕੋਈ ਚੋਥੀ ਪੀੜ੍ਹੀ ਦੀ ਸੰਭਾਵਨਾ ਦੇਖਦੇ ਹੋ।

• ਇਸ ਸਵਾਲ ਦਾ ਜਵਾਬ ਮੈਂ ਦੇ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਮੈਂ ਉਮੀਦ ਕਰਦਾ ਹਾਂ ਕਿ ਹੋਰ ਵੀ ਨਾਂਅ ਉਭਰ ਕੇ ਸਾਹਮਣੇ ਆਉਣਗੇ।

? ਯੂਨੀਵਰਸਿਟੀਆਂ ਦੇ ਥੀਏਟਰ ਵਿਭਾਗਾਂ ਬਾਰੇ ਤੁਹਾਡੀ ਕੀ ਰਾਏ ਹੋ ?

• ਯੂਨੀਵਰਸਿਟੀਆਂ ਦੇ ਥੀਏਟਰ ਵਿਭਾਗ ਅੱਛਾ ਕੰਮ ਕਰ ਰਹੇ ਨੇ, ਇਹ ਜਿਹੜੇ ਲੋਕਾਂ ਨੂੰ ਨਾਟਕੀ ਸਿਖਲਾਈ ਦੇ ਰਹੇ ਨੇ, ਉਨ੍ਹਾਂ ਵਾਸਤੇ ਸ਼ੌਕ ਪੈਦਾ ਕਰ ਰਹੇ ਨੇ, ਆਉਣ ਵਾਲੇ ਸਮੇਂ ਵਿਚ ਇਨ੍ਹਾਂ ਦਾ ਬੜਾ ਰੌਲਾ ਹੋਵੇਗਾ। ਬਾਕੀ ਨਾਟਕ ਦੇ ਭਵਿੱਖ ਬਾਰੇ ਤਾਂ ਸਮਾਂ ਹੀ ਦੱਸੇਗਾ। ਇਹ ਸਮਾਜਿਕ ਪ੍ਰਬੰਧ ਜਾਂ ਸਰਕਾਰਾਂ ਉਤੇ ਵੀ ਬੜਾ ਨਿਰਭਰ ਕਰਦਾ ਹੈ। ਪੰਜਾਬੀ ਵਿਚ ਮੈਂ ਸਮਝਦਾ ਹਾਂ, ਜਿਵੇਂ-ਜਿਵੇਂ ਅੱਗੇ ਤੁਰਨਾ ਹੈ, ਨਾਟਕ ਦੀਆਂ ਬੜੀਆਂ ਸੰਭਾਵਨਾਵਾਂ ਨੇ। ਸਾਨੂੰ ਵਿਸ਼ਵਾਸ ਨਾਲ ਕਹਿਣਾ ਚਾਹੀਦਾ ਹੈ ਕਿ ਨਾਟਕ ਪੰਜਾਬ ਦੇ ਸਭਿਆਚਾਰਕ ਵਿਚ ਆਪਣਾ ਹਿੱਸਾ ਪਾਵੇਗਾ ਕਿਉਂਕਿ ਇਹ ਇਕ ਬੜਾ ਅਸਰਦਾਇਕ ਮਾਧਿਅਮ ਹੈ।

? ਟੀ. ਵੀ. ਦਾ ਪੰਜਾਬੀ ਰੰਗਮੰਚ 'ਤੇ ਪ੍ਰਭਾਵ ਪਿਆ ਹੈ। ਤੁਸੀਂ ਇਸ ਬਾਰੇ ਕੀ ਸੋਚਦੇ ਹੋ।

• ਸ਼ਹਿਰ ਦਾ ਜਿਹੜਾ ਨਾਟਕ ਸੀ, ਜਿਹੜਾ ਸਿਰਫ਼ ਮਨ ਪਰਚਾਵੇ ਲਈ ਸੀ, ਉਹ ਟੀ. ਵੀ. ਨੇ ਖਾ ਲਿਆ। ਪਰ ਜਿਹੜਾ ਨਾਟਕ ਮੈਂ ਕਰਦਾ ਹਾਂ। ਉਨ੍ਹਾਂ ਉਤੇ ਟੀ. ਵੀ. ਦਾ ਕੋਈ ਅਸਰ ਨਹੀ ਕਿਉਂਕਿ ਉਹ ਚਲੰਤ ਸਮੱਸਿਆਵਾਂ ਬਾਰੇ ਹਨ। ਮੇਰੀ ਜਿਹੜੀ ਸ਼ਹਿਰ ਦੀ ਸਮਗਰਮੀ ਸੀ, ਉਹਦੇ ਉਤੇ ਜ਼ਰੂਰ ਅਸਰ ਪਿਆ। ਮੈਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਮੇਰੇ ਜਿਹੜੇ ਹੋਰ ਨਾਟਕ ਨੇ, ਮੇਰਾ ਜਿਹੜਾ ਗਲੀ ਦਾ ਨਾਟਕ ਹੈ ਪਿੰਡਾਂ ਦਾ ਥੀਏਟਰ ਹਨ, ਉਨ੍ਹਾਂ ਉਤੇ ਟੀ. ਵੀ. ਦਾ ਕੋਈ ਅਸਰ ਨਹੀਂ ਹੋਵੇਗਾ।

? ਕੀ ਪੰਜਾਬ ਵਿਚ ਵਪਾਰਕ ਥੀਏਟਰ ਦੀਆਂ ਸੰਭਾਵਨਾਵਾਂ ਹਨ।

• ਪੰਜਾਬ ਦਾ ਇਕ ਖਾਸ ਕਿਸਮ ਦਾ ਸਭਿਆਚਾਰ ਹੈ। ਸਾਹਿਤ, ਕਲਾ ਜਾਂ ਹੁਨਰ ਦੇ ਪੱਖੋਂ ਅਸੀਂ ਪਿਛੇ ਨਹੀਂ ਰਹੇ। ਇਸ ਵਿਚ ਅਸੀਂ ਹੁਣ ਕਾਫ਼ੀ ਤਰੱਕੀ ਕੀਤੀ ਹੈ। ਜਿਥੋਂ ਤਕ ਥੀਏਟਰ ਦਾ ਸੰਬੰਧ ਹੈ, ਮੇਰੇ ਨਾਂ ਨਾਲ ਸਟਰੀਟ ਥੀਏਟਰ ਦੇ ਬਾਦਸ਼ਾਹ ਦਾ ਵਿਸ਼ੇਸ਼ਣ ਜੋੜਿਆ ਗਿਆ ਹੈ, ਮਰਾਠੀ, ਬੰਗਾਲੀ ਵਿਚ ਵੀ ਵਣਜੀ ਥੀਏਟਰ ਹੈ। ਪਰ ਉਥੋਂ ਦੇ ਲੋਕ ਇਸ ਥੀਏਟਰ ਨੂੰ ਛੱਡ ਕੇ ਮੁੜ ਲੋਕ ਥੀਏਟਰ ਵੱਲ ਆ ਰਹੇ ਹਨ, ਕਿਉਂਕਿ ਉਹ ਵਣਜੀ ਥੀਏਟਰ ਦੀ ਚਮਕ ਦਮਕ ਅਤੇ ਤੜਕ ਮੜਕ ਤੋਂ ਅੱਕ ਗਏ ਹਨ। ਚਮਕੀਲੇ ਪਹਿਰਾਵੇ, ਰੰਗਾਂ ਨਾਲ ਪੋਚੇ ਚਿਹਰੇ ਹੁਣ ਲੋਕਾਂ ਨੂੰ ਪ੍ਰਭਾਵਿਤ ਕਰਨ ਤੋਂ ਅਸਮਰਥ ਨੇ। ਟੀ. ਵੀ. ਡਰਾਮਾ ਵੀ ਪੇਸ਼ਕਾਰ ਹੀ ਹੈ। ਪੇਸ਼ਾਵਰ ਡਰਾਮਾ ਕੇਵਲ ਟਿਕਟ ਉਤੇ ਹੀ ਨਹੀਂ ਹੁੰਦਾ। ਸੋ ਪੰਜਾਬ ਵਿਚ ਨਾਟਕ ਪਰੰਪਰਾ ਕਮਜ਼ੋਰ ਨਹੀਂ। ਇਹਦਾ ਭਵਿੱਖ ਕਾਫ਼ੀ ਉਜਲ ਹੈ।

? ਤੁਸੀਂ ਜਦੋਂ ਸ਼ਹਿਰ ਦੀ ਥਾਂ ਪਿੰਡਾਂ ਵੱਲ ਰੁਖ ਕੀਤਾ ਸੀ ਤਾਂ ਕਿਹੋ ਜਿਹਾ ਹੁੰਗਾਰਾ ਮਿਲਿਆ ਸੀ।

• ਜਦੋਂ ਮੈਂ ਪੰਜਾਬ ਦੇ ਪਿੰਡਾਂ ਵਿਚ ਜਾਣਾ ਸ਼ੁਰੂ ਕੀਤਾ, ਗੁਰੂ ਨਾਨਕ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਨਾਟਕ ਕੀਤੇ। ਕਿਤੇ ਥੜ੍ਹਾ ਮਿਲ ਗਿਆ, ਉਹੋ ਸਹੀ। ਰੋਸ਼ਨੀ ਦਾ ਕੋਈ ਪ੍ਰਬੰਧ ਨਹੀਂ ਸੀ ਹੁੰਦਾ। ਪਰ ਲੋਕ ਬੜੇ ਗੌਰ ਨਾਲ ਵੇਖਦੇ ਹਨ, ਬੜੀ ਰੁਚੀ ਨਾਲ ਸੁਣਦੇ ਹਨ ਤੇ ਸ਼ਲਾਘਾ ਕਰਦੇ ਹਨ। ਇਸ ਕਰਕੇ ਮੈਂ ਮਿੱਥ ਲਿਆ ਕਿ ਜੇ ਤਾਂ ਕੋਈ ਚੰਗੇ ਸਾਧਨ ਮਿਲ ਜਾਣ, ਠੀਕ ਹੈ। ਜੇ ਨਹੀਂ ਮਿਲੇ ਤਾਂ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਨਾਟਕ ਨਹੀਂ ਕਰਨਾ। ਅਸੀਂ ਆਪਣੇ ਆਪ ਨੂੰ ਦਬਾ ਕੇ ਨਹੀਂ ਰੱਖਣਾ। ਮੈਂ ਇਹ ਮਿੱਥ ਲਿਆ ਸੀ ਕਿ ਮੇਰਾ ਕੰਮ ਹੈ ਲੋਕਾਂ ਤਕ ਸੁਨੇਹਾ ਪਹੁੰਚਾਉਣਾ, ਨਾਟਕ ਦੇ ਰਾਹੀਂ। ਯਾਨੀ ਨਾਟਕ ਨੂੰ ਇਕ ਸਾਧਨ ਦੇ ਤੌਰ 'ਤੇ ਵਰਤਣਾ। ਵੱਡੀ ਗੱਲ ਇਹ ਹੈ ਕਿ ਲੋਕਾਂ ਤਕ ਸੁਨੇਹਾ ਪਹੁੰਚਾਉਣਾ ਚਾਹੀਦਾ ਹੈ। ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ, ਉਹ ਇਹ

ਹੈ ਕਿ ਜਨਤਕ ਥੀਏਟਰ ਦੀਆਂ ਜ਼ਰੂਰਤਾਂ ਹੀ ਹੋਰ ਹਨ, ਉਹਦੀ ਜੜਤ ਹੀ ਹੋਰ ਹੈ। ਮੈਂ ਇਹਨਾਂ ਨਾਲ ਆਪਣਾ ਮੁਕਾਬਲਾ ਕਿਉਂ ਕਰਾਂ। ਮੇਰੀ ਪ੍ਰਤੀਬੱਧਤਾ ਲੋਕਾਂ ਨਾਲ ਹੈ ਤੇ ਇਹ ਬੜੀ ਨਰੋਈ ਪ੍ਰਤੀਬੱਧਤਾ ਹੈ। ਇਉਂ ਮੋਢੀ ਵਾਲੀ ਭੂਮਿਕਾ ਨਿਭਾਈ ਗਈ ਮੈਂ ਤੁਰਿਆ ਗਿਆ, ਖਲੋਤਾ ਨਹੀਂ। ਤੇ ਹੌਲੀ-ਹੌਲੀ ਹੁਣ ਨਾਟਕ ਦੀ ਗੱਲ ਪੰਜਾਬ ਦੇ ਪਿੰਡਾਂ ਵਿਚ ਆਮ ਹੋਣ ਲੱਗ ਪਈ ਹੈ। ਜਦੋਂ ਆਮ ਹੋਣ ਲੱਗ ਪਈ ਹੈ, ਤਾਂ ਚੰਗੀਆਂ ਸਟੇਜਾਂ ਵੀ ਬਣਨ ਲੱਗ ਪਈਆਂ ਨੇ। ਸੁਰਜੀਤ ਸਿੰਘ ਸੇਠੀ ਦਾ ਇਹ ਬੜਾ ਪੱਕਾ ਵਿਚਾਰ ਹੈ ਕਿ ਨਾਟਕ ਹੈ ਹੀ ਇਲੀਟ ਲੋਕਾਂ ਦਾ ਅਤੇ ਇਹਦੇ ਸਾਧਨ ਵੀ ਉਹੋ ਜਿਹੇ ਨੇ, ਖਰਚੇ ਵੀ ਉਹੋ ਜਿਹੇ ਨੇ। ਪਰ ਮੇਰਾ ਥੀਏਟਰ ਇਲੀਟ ਦਾ ਨਹੀਂ, ਅਵਾਮ ਦਾ ਹੈ।

? ਡਾ. ਸੇਠੀ ਦਾ ਜ਼ਿਕਰ ਆਇਆ ਤਾਂ ਲਗਦੇ ਹੱਥ ਇਹ ਵੀ ਗੱਲ ਕਰ ਲਈਏ ਕਿ ਇਕ ਸਮਾਂ ਐਸਾ ਵੀ ਆਇਆ ਸੀ ਜਦੋਂ ਪੰਜਾਬੀ ਨਾਟਕ ਵਿਚ ਐਬਸਰਡ ਥੀਏਟਰ ਦੀ ਗੱਲ ਚੱਲੀ। ਤੁਹਾਡਾ ਇਸ ਪ੍ਰਤੀ ਕੀ ਰਸਪਾਂਸ ਰਿਹਾ।

• ਐਬਸਰਡਿਟੀ ਕੁਝ ਲੋਕਾਂ ਦੀ ਜ਼ਿੰਦਗੀ ਦਾ ਯਥਾਰਥ ਹੈ, ਸਮੁੱਚੀ ਜ਼ਿੰਦਗੀ ਦਾ ਨਹੀਂ। ਇਸ ਕਰਕੇ ਕਈ ਵਾਰ ਫੈਸ਼ਨ ਵਜੋਂ ਬਹੁਤ ਸਾਰੇ ਨਾਟਕ, ਕਹਾਣੀਆਂ, ਕਵਿਤਾਵਾਂ ਅਤੇ ਨਾਵਲ ਲਿਖੇ ਗਏ,ਪਰ ਹੌਲੀ-ਹੌਲੀ ਫੇਰ ਸਾਰੇ ਯਥਾਰਥ ਵੱਲ ਹੀ ਆ ਰਹੇ ਨੇ। ਦਿੱਲੀ ਜਾਂ ਹੋਰ ਵੱਡੇ ਸ਼ਹਿਰਾਂ ਦੀ ਜੰਗਲ ਰੂਪੀ ਸੁਸਾਇਟੀ ਜਾਂ ਯੂਰਪ ਜੰਗਲ ਰੂਪੀ ਸੁਸਾਇਟੀ ਵਿਚ ਅਜਿਹੀ ਮਾਨਸਿਕਤਾ ਜਾਂ ਬੇਦਿਲੀ ਦੀ ਸਮੱਸਿਆ ਵਿਸ਼ਾ ਵਸਤੂ ਹੋ ਸਕਦੀ ਹੈ। ਸਾਡੇ ਲੋਕ ਅਜੇ ਉਸ ਪੜਾਅ ਉਤੇ ਨਹੀਂ ਪਹੁੰਚੇ ਕਿ ਅਜਿਹੀਆਂ ਮਾਨਸਿਕ ਤ੍ਰੇੜਾਂ ਉਨ੍ਹਾਂ ਦੀ ਸਮੱਸਿਆ ਬਣਨ। ਹਾਲੀ ਤਾਂ ਉਹ ਗਰੀਬੀ ਤੋਂ ਐਗਜਿਸਟੈਂਸ ਵੱਲ ਸਫ਼ਰ ਕਰ ਰਹੇ ਨੇ। ਇਹ ਐਬਸਰਡਿਟੀ ਜ਼ਿੰਦਗੀ ਦਾ ਯਥਾਰਥ ਹੈ, ਪਰ ਇਕ ਸਮਾਜ ਦਾ, ਸਭ ਸਮਾਜਾਂ ਦਾ ਨਹੀਂ। ਮੈਂ ਜਿਹੜੇ ਲੋਕਾਂ ਵਿਚ ਜਾਣਾਂ ਚਾਹੁੰਦਾ ਹਾਂ, ਉਨ੍ਹਾਂ ਦੇ ਸੰਘਰਸ਼ ਐਬਸਰਡਿਟੀ ਦੇ ਨਹੀਂ ਹਨ। ਉਨ੍ਹਾਂ ਦਾ ਸੰਘਰਸ਼ ਸਿੱਧਾ ਹੈ, ਨਿੱਘਰ ਹੈ। ਮੇਰਾ ਥੀਏਟਰ ਲੋਕ ਸੰਘਰਸ਼ ਦਾ ਥੀਏਟਰ ਹੈ। ਮੈਂ ਇਸ ਗੱਲ ਨੂੰ ਲਿਆਉਣਾ ਚਾਹੁੰਦਾ ਹਾਂ ਕਿ ਲੋਕ ਇਸ ਤਰ੍ਹਾਂ ਬੇਦਿਲ ਨਾ ਹੋਣ।

? ਪੰਜਾਬ ਦੀ ਵਰਤਮਾਨ ਰਾਜਸੀ ਸਥਿਤੀ ਬਾਰੇ ਕੀ ਰਾਏ ਹੈ।

• ਵਰਤਮਾਨ ਸਥਿਤੀ ਤੋਂ ਨਿਰਾਸ਼ਾ ਹੈ। ਸਾਰੇ ਪਾਸੇ ਭ੍ਰਿਸ਼ਟਾਚਾਰ ਫੈਲਿਆ ਹੈ ਪਰ ਜਿਸ ਤਰ੍ਹਾ ਹਰ ਕਰਮ ਦਾ ਪ੍ਰਤੀਕਰਮ ਹੁੰਦਾ ਹੈ। ਮੈਂ ਉਮੀਦ ਰੱਖਦਾ ਹਾਂ ਕਿ ਇਸ ਸਥਿਤੀ ਨੂੰ ਬਦਲਾਉਣ ਦਾ ਵੀ ਉਪਰਾਲਾ ਹੁਣ ਏਜੰਡੇ 'ਤੇ ਆ ਰਿਹਾ ਹੈ।

? ਕੀ ਹੁਣ ਮਾਹੌਲ ਸੁਖਾਵਾਂ ਹੋਣ ਦੇ ਬਾਵਜੂਦ ਸਹੀ ਕਲਾ ਦੇ ਵਿਕਾਸ ਵਿਚ ਕੋਈ ਰੋਲ ਅਦਾ ਕਰ ਰਿਹਾ ਹੈ।

• ਹਾਲੇ ਤੇ ਖਪ ਰੌਲੇ ਵਾਲੀ ਕਲਾ ਦਾ ਹੀ ਬੋਲਬਾਲਾ ਹੈ ਭਾਵੇਂ ਸੰਜੀਦਾ ਕਲਾਕਾਰ

ਆਪਣੇ ਸੀਮਿਤ ਦਾਇਰੇ ਵਿਚ ਚੰਗਾ ਕੰਮ ਕਰਨ ਦਾ ਯਤਨ ਕਰ ਰਹੇ ਹਨ।

? ਨਵਾਂ ਨਾਟਕ ਕਿਹੜਾ ਦਿਖਾ ਰਹੇ ਹੋ।

• ਹੁਣੇ ਹੁਣੇ 'ਹਾਨੀ ਨਾਟਕ ਮੁਕੰਮਲ ਕੀਤਾ ਹੈ, ਇਹ ਦੀ ਸਕਰਿਪਟ ਕਦੀ ਫਿਲਮ ਬਣਾਉਣ ਲਈ ਸੋਚੀ ਸੀ ਪਰ ਫਿਲਮ ਦੀ ਸੰਭਾਵਨਾ ਨਾ ਹੋਣ ਕਰਕੇ ਹੁਣ ਇਸਨੂੰ ਨਾਟਕ ਦਾ ਰੂਪ ਦਿੱਤਾ ਹੈ। ਇਨਾਂ ਦਿਨਾਂ ਵਿਚ ਲਘੂ ਨਾਟਕ ਵੀ ਲਿਖ ਰਿਹਾ ਹਾਂ।

? ਆਪਣੀ ਹੁਣ ਤਕ ਦੀ ਨਾਟਕਕਾਰੀ ਤੋਂ ਸੰਤੁਸ਼ਟ ਹੋ।

• ਮੈਂ ਕਦੇ ਵੱਡਾ ਨਾਟਕਕਾਰ ਬਣਨ ਬਾਰੇ ਨਹੀਂ ਸੀ ਸੋਚਿਆ। ਸੋ ਜੋ ਕੁਝ ਵੀ ਪ੍ਰਾਪਤ ਹੋਈ ਹੈ, ਉਹਦੇ ਨਾਲ ਸੰਤੁਸ਼ਟ ਹਾਂ।

? ਕਿਹੜਾ ਅਜਿਹਾ ਨਾਟਕ ਹੈ ਜੋ ਲਿਖਣਾ ਚਾਹੁੰਦੇ ਹੋ।

• ਮੈਂ ਅੱਗੇ ਵਾਂਗ ਹੀ ਸਮਾਜਿਕ ਇਨਸਾਫ਼ ਦੇ ਵਿਸ਼ੇ ਉਤੇ ਨਾਟਕ ਲਿਖਣੇ ਚਾਹਾਂਗਾ ਭਾਵੇਂ ਮੇਰਾ ਯਤਨ ਹੋਵੇਗਾ ਕਿ ਉਹ ਕਲਾ ਦੇ ਪੱਖ ਤੋਂ ਵੱਧ ਸਾਰਥਕ ਹੋਣ।

? ਜੀਵਨ ਦੀ ਅੰਤਿਮ ਇੱਛਾ ਕਿਹੜੀ ਹੈ।

• ਕਿਸੇ ਅੰਤਿਮ ਇੱਛਾ ਬਾਰੇ ਕਦੇ ਸੋਚਿਆ ਹੀ ਨਹੀਂ। ਪਿਛੇ ਜਿਹੇ ਜਦੋਂ ਕਾਰ ਐਕਸੀਡੈਂਟ ਹੋਇਆ। ਸਿਰ ਦਾ ਵੱਡਾ ਅਪਰੇਸ਼ਨ ਵੀ ਹੋਇਆ, ਉਸ ਵੇਲੇ ਵੀ ਕਿਸੇ ਅੰਤਿਮ ਇੱਛਾ ਬਾਰੇ ਨਹੀਂ ਸੋਚਿਆ। ਬਸ ਇਹੀ ਤਸੱਲੀ ਸੀ ਕਿ ਕੁਝ ਕਰ ਸਕਦਾ ਸਾਂ, ਕੀਤਾ ਹੈ।

? ਜੇ ਜੀਵਨ ਦੁਬਾਰਾ ਮਿਲੇ ਤਾਂ ਕੀ ਕਰਨਾ ਚਾਹੋਗੇ।

• ਇਸ ਬਾਰੇ ਕਦੇ ਨਹੀਂ ਸੋਚਿਆ, ਦੂਜੇ ਜੀਵਨ ਵਿਚ ਵਿਸ਼ਵਾਸ ਹੀ ਨਹੀਂ।

? ਕੀ ਆਪਣੀ ਹੁਣ ਤਕ ਦੀ ਲਿਖਤ ਤੋਂ ਸੰਤੁਸ਼ਟ ਹੋ।

• ਮੈਂ ਸਮਝਦਾ ਹਾਂ ਕਿ ਕੁਝ ਮੈਂ ਲਿਖ ਸਕਿਆ ਹਾਂ, ਉਹ ਮੇਰੀ ਕਾਬਲੀਅਤ ਦੇ ਅਨੁਸਾਰ ਹੀ ਹੈ, ਇਸ ਲਈ ਸੰਤੁਸ਼ਟ ਹਾਂ। ਦੁਨੀਆ ਦਾ ਚੰਗੇ ਤੋਂ ਚੰਗਾ ਸਾਹਿਤ ਪੜ੍ਹਨ ਦਾ ਮੌਕਾ ਮਿਲਿਆ ਹੈ। ਇਹ ਕੋਈ ਸੋਚ ਹੀ ਨਹੀਂ ਸਕਦਾ ਕਿ ਮੈਂ ਉਨ੍ਹਾਂ ਦੇ ਨੇੜੇ ਤੇੜੇ ਪੁੱਜ ਸਕਾਂਗਾ। ਸੰਤੁਸ਼ਟੀ ਦਾ ਸ਼ਾਇਦ ਇਹ ਵੀ ਕਾਰਨ ਹੈ।

? ਸਿਹਤ ਢਿੱਲੀ ਹੋਣ ਤੋਂ ਬਾਅਦ ਕੀ ਹੁਣ ਆਪਣੀਆਂ ਸਰਗਰਮੀਆਂ ਵਿਚ ਤਬਦੀਲੀ ਲਿਆਉਣਗੇ।

• ਹਾਂ, ਹੁਣ ਮੈਂ ਸਫ਼ਰ ਘੱਟ ਤੋਂ ਘੱਟ ਕਰਨਾ ਚਾਹਾਂਗਾ। ਬਹੁਤ ਕੰਮ ਲਿਖਣ ਦਾ ਕਰਾਂਗਾ ਅਤੇ ਵਰਕਸ਼ਾਪ ਲਗਾ ਕੇ ਨੌਜਵਾਨ ਨਿਰਦੇਸ਼ਕਾਂ ਕੋਲੋਂ ਨਾਟਕ ਤਿਆਰ ਕਰਵਾਵਾਂਗਾ ਤੇ ਉਨ੍ਹਾਂ ਦੀ ਨਾਟਕਾਂ ਦੀ ਪੇਸ਼ਕਾਰੀ ਪੰਜਾਬ ਵਿਚ ਕਰਵਾਉਣ ਲਈ ਆਪਣੇ ਸੰਪਰਕਾਂ ਨੂੰ ਵਰਤਾਂਗਾ। ਇਨਾਂ ਦਿਨਾਂ ਵਿਚ ਟੋਨੀਬਾਤਿਸ਼ ਅਤੇ ਕੁਮਾਰ ਪਵਨਦੀਪ ਨੂੰ ਪੂਰਾ ਸਹਿਯੋਗ ਦੇ ਰਿਹਾ ਹਾਂ।

? ਆਪਣੇ ਲੇਖਕ ਹੋਣ ਬਾਰੇ ਕੀ ਅਨੁਭਵ ਕਰਦੇ ਹੋ।

• ਜ਼ਿੰਦਗੀ ਨੂੰ ਵਿਗਿਆਨਕ ਸੋਚ ਦੇਣ ਲਈ ਮੇਰੇ ਕੋਲ ਕੁਝ ਕਹਿਣ ਲਈ ਹੈ। ਉਹੀ

ਕਹਿ ਸਕਾਂ, ਇਹੀ ਮੇਰੇ ਲਈ ਕਾਫ਼ੀ ਹੈ। ਲੇਖਕ ਹੋਣ ਬਾਰੇ ਮੇਰਾ ਇਹੀ ਅਨੁਭਵ ਹੈ।

? ਤੁਹਾਡੀ ਨਾਟਕਕਾਰੀ ਦਾ ਕਿਹੜਾ ਅਜਿਹਾ ਪੱਖ ਹੈ, ਜੋ ਅਣਗੌਲਿਆਂ ਹੈ।

• ਮੈਂ ਆਪਣੇ ਬਹੁਤ ਨਾਟਕ ਮੈਂ ਆਪ ਹੀ ਖੇਡੇ ਹਨ ਜਾਂ ਤਿਆਰ ਕਰਵਾਏ ਹਨ, ਇਸ ਲਈ ਮੈਂ ਨਹੀਂ ਸਮਝਦਾ ਹਾਂ ਕਿ ਕੋਈ ਪੱਖ ਅਣਗੌਲਿਆਂ ਹੈ।

? ਆਪਣੇ 'ਤੇ ਹੋਈ ਆਲੋਚਨਾ ਤੋਂ ਸੰਤੁਸ਼ਟ ਹੋ।

• ਮੈਨੂੰ ਆਲੋਚਕਾਂ 'ਤੇ ਕੋਈ ਸ਼ਿਕਾਇਤ ਨਹੀਂ ਕਿਉਂਕਿ ਹਰ ਇਕ ਨੇ ਆਪਣੀ ਸੋਚ ਅਨੁਸਾਰ ਹੀ ਆਲੋਚਨਾ ਕਰਨੀ ਹੁੰਦੀ ਹੈ। ਮੈਂ ਆਲੋਚਨਾ ਨੂੰ ਕਿਸ ਢੰਗ ਨਾਲ ਲੈਣਾ ਹੈ, ਇਹ ਇਸ ਗੱਲ 'ਤੇ ਨਿਰਭਰ ਹੈ ਕਿ ਆਲੋਚਨਾ ਕਰਨ ਵਾਲਾ ਕੌਣ ਹੈ ? ਕੁਝ ਆਲੋਚਕ ਬੁਨਿਆਦੀ ਤੌਰ 'ਤੇ ਕਮਿਊਨਿਸਟ ਵਿਰੋਧੀ ਹਨ, ਉਨ੍ਹਾਂ ਦੀ ਕੋਈ ਆਲੋਚਨਾ ਮੇਰੇ ਲਈ ਕੋਈ ਅਰਥ ਨਹੀਂ ਰੱਖਦੀ।

? ਲੋਕਾਂ ਨੇ ਤੁਹਾਨੂੰ ਬੜਾ ਪਿਆਰ ਦਿੱਤਾ ਹੈ ਪਰ ਪੰਜਾਬੀ ਸਾਹਿਤ ਆਲੋਚਕਾਂ ਨੇ ਘੱਟ ਗੌਲਿਆ ਹੈ, ਇਸ ਦਾ ਕੀ ਕਾਰਨ ਸਮਝਦੇ ਹੋ।

• ਜਿਨਾਂ ਨੇ ਪਿਆਰ ਦਿੱਤਾ ਹੈ ਉਨ੍ਹਾਂ ਨੇ ਮੇਰੀ ਸੁਹਿਰਦਤਾ ਪਹਿਚਾਣੀ ਹੈ। ਸਾਹਿਤ ਆਲੋਚਕਾਂ ਨੇ ਸਾਹਿਤ ਵਿਧੀਆਂ ਅਨੁਸਾਰ ਆਲੋਚਨਾ ਕੀਤੀ ਹੈ। ਉਹ ਆਪਣੀ ਥਾਂ ਠੀਕ ਹਨ, ਕਿਉਂਕਿ ਲੋਕਾਂ ਤਕ ਪਹੁੰਚ ਕਰਨ ਦੇ ਆਸ਼ੇ ਨੂੰ ਮੁੱਖ ਰੱਖਣ ਕਰਕੇ ਕਈ ਵਾਰੀ ਸਾਹਿਤਕਤਾ ਬਾਰੇ ਬਹੁਤਾ ਧਿਆਨ ਨਹੀਂ ਰੱਖਿਆ ਤੇ ਸ਼ਾਇਦ ਅੱਗੇ ਲਈ ਵੀ ਨਾ ਰੱਖ ਸਕਾਂ। ਸੋ ਇਹ ਤਾਂ ਇਸ ਤਰ੍ਹਾਂ ਹੀ ਚਲਦਾ ਹੈ।

? ਕੋਈ ਅਜਿਹੀ ਗੱਲ ਜੋ ਮੈਂ ਪੁੱਛ ਨਾ ਸਕਿਆ ਹੋਵਾਂ ਤੇ ਤੁਸੀਂ ਦੱਸਣਾ ਚਾਹੁੰਦੇ ਹੋਵੋ।

• ਤੁਸੀਂ ਤਕਰੀਬਨ ਸਾਰੀਆਂ ਗੱਲਾਂ ਜੋ ਮੇਰੀ ਨਾਟਕ ਕਲਾ ਨਾਲ ਸੰਬੰਧਤ ਹਨ, ਪੁਛ ਹੀ ਲਈਆਂ ਹਨ। ਆਪਣੀ ਬਾਇਓਗ੍ਰਾਫ਼ੀ ਕਦੀ ਲਿਖ ਸਕਿਆ ਤਾਂ ਇਹ ਸਵਾਲ ਸਹਾਇਤਾ ਕਰਨਗੇ।

? ਸੋ ਲਗਦਾ ਹੈ ਕਿ ਆਪਣੇ ਤਜ਼ਰਬੇ ਸਭ ਨਾਲ ਸਾਂਝੇ ਕਰੋਗੇ।

• ਮੈਂ ਕੋਸ਼ਿਸ਼ ਕਰ ਰਿਹਾ ਹਾਂ। ਡਾਇਰੀ ਲਿਖ ਰਿਹਾ ਹਾਂ। ਤਜ਼ਰਬੇ ਤਾਂ ਬਹੁਤ ਹਨ। ਮੈਂ ਉਨ੍ਹਾਂ ਨੂੰ ਕੌੜੇ ਤਾਂ ਨਹੀਂ ਕਹਿੰਦਾ। ਮੈਂ ਇਕ ਪਿੰਡ ਵਿਚ ਡਰਾਮਾ ਕਰਨ ਗਿਆ। ਪ੍ਰਬੰਧਕਾਂ ਨੇ ਇਕ ਦਰਖ਼ਤ ਦਿਖਾਇਆ। ਉਸ ਦੇ ਦੁਆਲੇ ਇਕ ਗੋਲ ਦਾਇਰਾਸੀ। ਮੈਂ ਸੋਚ ਰਿਹਾ ਸੀ ਕਿ ਕਿਸ ਪਾਸੇ ਮੂੰਹ ਰੱਖ ਕੇ ਨਾਟਕ ਕੀਤਾ ਜਾਵੇ। ਇਨੇ ਨੂੰ ਇਕ ਸੱਜਣ ਕਹਿਣ ਲਗਿਆ 'ਸਰਦਾਰਾ ਕਰਨਾ ਤਾਂ ਕੰਜਰਖਾਨਾ ਹੀ ਹੈ, ਜਿਧਰ ਮਰਜ਼ੀ ਹੈ, ਮੂੰਹ ਕਰ ਲੈ।' ਮੈਂ ਗੁੱਸਾ ਨਹੀਂ ਕੀਤਾ। ਮੈਂ ਉਹਨੂੰ ਕਿਹਾ ਕਿ ਘੰਟਾ ਡਰਾਮਾ ਕਰਨਾ ਹੈ, ਜ਼ਰਾ ਵੇਖ ਕੇ ਜਾਣਾ। ਡਰਾਮੇ ਤੋਂ ਬਾਅਦ ਮੈਂ ਪੁੱਛਿਆ ਸਰਦਾਰਾ, 'ਕਿਹੋ ਜਿਹਾ ਰਿਹਾ ਕੰਜਰਖਾਨਾ। ਕਹਿਣ ਲੱਗਿਆ ਇਹ ਤਾਂ ਗੱਲ ਹੀ ਕੁਝ ਹੋਰ ਸੀ। ਇਸ ਚੇਤਨਾ ਨੂੰ ਮੈਂ ਵੀ ਨੋਟ ਕੀਤਾ ਹੈ। ਧਾਰਮਿਕ ਨਾਟਕ ਵਿਚ ਮੇਰਾ ਨਾਇਕ

ਕੋਈ ਗੱਲ ਕਹਿੰਦਾ ਹੈ ਤਾਂ ਭਾਵੁਕ ਨਿੰਹਗ ਉਹਨੂੰ ਮਾਰਨ ਪੈ ਜਾਂਦੇ ਰਹੇ ਹਨ। ਸੋ ਇਸ ਤਰ੍ਹਾਂ ਦੇ ਤਜ਼ਰਬੇ ਮੈਂ ਲਿਖ ਰਿਹਾ ਹਾਂ।

? ਤੁਸੀਂ ਪਲ ਵਿਚ ਤੋਲਾ ਪਲ ਵਿਚ ਮਾਸਾ ਕਿਵੇਂ ਬਣ ਜਾਂਦੇ ਹੋ ? ਭਾਵ ਆਪਣੇ ਸੁਭਾਅ ਦੇ ਗੁੱਸੇ ਅਤੇ ਠੰਢੇਪਨ ਬਾਰੇ ਕੀ ਕਹੋਗੇ।

• ਇਹ ਮੇਰੇ ਸੁਭਾਅ ਦਾ ਇਕ ਹਿੱਸਾ ਹੈ। ਭਾਵੇਂ ਮੈਂ ਇਸਨੂੰ ਚੰਗਾਂ ਨਹੀਂ ਸਮਝਦਾ ਤੇ ਯਤਨ ਕਰਦਾ ਹਾਂ ਕਿ ਗੁੱਸੇ ਉਤੇ ਕਾਬੂ ਰੱਖ ਸਕਾਂ। ਉਂਜ ਜਦੋਂ ਮੈਂ ਕੋਈ ਗ਼ਲਤ ਗੱਲ ਦੇਖਦਾ ਹਾਂ ਤਾਂ ਗੁੱਸਾ ਜ਼ਰੂਰ ਆ ਜਾਂਦਾ ਹੈ ਪਰ ਇਸ ਗੁੱਸੇ ਨੂੰ ਕਾਬੂ ਕਰਨਾ ਹੀ ਚਾਹੀਦਾ ਹੈ।

(*ਨਾਟਕਕਾਰਾਂ ਨਾਲ ਮੁਲਾਕਾਤ* ਵਿਚੋਂ ਧੰਨਵਾਦ ਸਹਿਤ)